੧ੴ

ਗੁਰ ਪ੍ਰਣਾਲੀਆਂ

ਸਿੱਖ ਹਿਸਟਰੀ ਸੋਸਾਇਟੀ

ਅੰਮ੍ਰਿਤਸਰ

ਭੇਟਾ ੧।।)

ਸੰਮਤ ੪੬੩ ਗੁ: ਨਾ:

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ

ਗੁਰ ਪ੍ਰਣਾਲੀਆਂ

ਸਿੱਖ ਹਿਸਟਰੀ ਸੋਸਾਇਟੀ

ਅੰਮ੍ਰਿਤਸਰ

ਭੇਟਾ ੧॥)

ਸੰਮਤ ੪੯੩ ਗੁ: ਨਾ:

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਮੁੱਖ ਬਚਨ

ਅਸਾਡੇ ਵੱਲੋਂ

ਇਨ੍ਹਾਂ ਅਗਲੇ ਪੱਤ੍ਰਿਆਂ ਵਿੱਚ ਜੋ ਗੁਰ-ਪ੍ਰਣਾਲੀਆਂ ਛਾਪੀਆਂ ਜਾ ਰਹੀਆਂ ਹਨ ਉਨ੍ਹਾਂ ਵਿੱਚ ਜਿਤਨੇਕੁ ਮਤ-ਭੇਦ ਹਨ, ਉਹ ਅਸਾਂ ਨਾਲੋ ਨਾਲ, ਟਿੱਪਣੀਆਂ ਦੇ ਰੂਪ ਵਿੱਚ, ਥੱਲੇ ਦੇ ਦਿਤੇ ਹਨ। ਅਸਲ ਮਜ਼ਮੂਨ ਵਿੱਚ ਕੋਈ ਦਰੁਸਤੀ ਨਹੀਂ ਕੀਤੀ ਗਈ। ਕੇਸਰ ਸਿੰਘ ਵਾਲੀ ਗੁਰਪ੍ਰਣਾਲੀ ਵਿੱਚ ਗੁਰੂ 'ਰਾਮਦਾਸ' ਦੀ ਥਾਂ 'ਅਮਰਦਾਸ', ਲਿਖਿਆ ਹੋਇਆ ਸੀ। ਉਸਨੂੰ ਲਿਖਾਰੀ ਦੀ ਭੁੱਲ ਖਿਆਲ ਕਰਕੇ ਠੀਕ ਕਰ ਦਿੱਤਾ ਹੈ ॥

ਸੋਸਾਇਟੀ ਦਾ ਮਨੋਰਥ ਇਨ੍ਹਾਂ ਦੇ ਛਾਪਣ ਦਾ ਕੇਵਲ ਇਹ ਹੈ ਕਿ ਇਹ ਪ੍ਰਾਚੀਨ ਲਿਖਤਾਂ ਸੰਭਾਲੀਆਂ ਜਾ ਸਕਣ ਅਤੇ ਇਤਿਹਾਸ ਪ੍ਰੇਮੀਆਂ ਦੇ ਹੱਥਾਂ ਤੱਕ ਪਹੁੰਚ ਜਾਣ ॥

ਅੰਮ੍ਰਿਤਸਰ
੨੦ ਭਾਦੋਂ ੪੯੧ ਗੁ: ਨਾ:

ਸਕੱਤ੍ਰ
ਸਿੱਖ ਹਿਸਟਰੀ ਸੋਸਾਇਟੀ

Digitized by Panjab Digital Library | www.panjabdigilib.org

ਉਤਾਰਾ ਕਰਨ ਹਾਰਾਂ ਵੱਲੋਂ

(੧)

ਮੈਂ ਇਹ ਉਤਾਰਾ, ਸ: ਗੁਰਦਿਤ ਸਿੰਘ ਹਰੀਕਾ; ਤਹਿਸੀਲਦਾਰ ਸੁਨਾਮ, ਰਿਆਸਤ ਪਟਿਆਲਾ; ਦੀ ਨੋਟ-ਬੁਕ ਤੋਂ ਕੀਤਾ ਹੈ ॥

ਇਸ ਵਿੱਚ ਤਾਰੀਖਾਂ ਤੋਂ ਬਿਨਾਂ ਵਾਕਿਆਤ ਵਿੱਚ ਭੀ ਕਈ ਥਾਈਂ ਅਸ਼ੁੱਧੀਆਂ ਹਨ। ਬਾਬਾ ਬੰਦਾ ਦੀ ਪਾਤਸ਼ਾਹੀ, ਅਤੇ ਅਜੀਤ ਸਿੰਘ ਤੇ ਹਠੀ ਸਿੰਘ ਜੀ ਦੀ ਪਾਤਸ਼ਾਹੀ ਦੱਸਣਾ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਤੋਂ ਵਿਰੁੱਧ ਹੈ। ਬਾਬਾ ਬੰਦਾ ਸਿੰਘ ਖਾਲਸੇ ਦਾ ਕੇਵਲ ਇਕ ਫੌਜੀ ਜਰਨੈਲ ਸੀ। ਉਸ ਦਾ ਅਤੇ ਅਜੀਤ ਸਿੰਘ ਤੇ ਹਠੀ ਸਿੰਘ ਦਾ ਗੁਰੂ ਗੋਬਿੰਦ ਸਿੰਘ ਜੀ ਦੀ ਗੁਰ-ਗੱਦੀ ਨਾਲ,—ਸਿੱਖੀ ਤੋਂ ਬਿਨਾਂ ਹੋਰ—ਕੋਈ ਸੰਬੰਧ ਨਹੀਂ ਸੀ। ਹੋਰ ਭੀ ਕਈਇਕ ਨਿੱਕੀਆਂ ਨਿੱਕੀਆਂ ਗੱਲਾਂ ਅਸ਼ੁੱਧ ਤੇ ਸਿੱਖ-ਇਤਿਹਾਸ ਵਿਰੁੱਧ ਹਨ ॥

ਕੇਵਲ ਇਹ ਹੀ ਇਕ ਗੁਰਪ੍ਰਣਾਲੀ, ਹਾਲ ਤਕ ਮੇਰ ਦੇਖਣ ਵਿੱਚ ਆਈ ਹੈ ਜਿਸ ਵਿੱਚ ਬਾਬਾ ਬੰਦਾ ਦੇ ਪੁੱਤ੍ਰ ਦਾ ਨਾਮ ਅਜੈ ਸਿੰਘ ਦੱਸਿਆ ਹੋਇਆ ਹੈ ॥

ਅੰਮ੍ਰਿਤਸਰ (ਦਸਖਤ) ਗੰਡਾ ਸਿੰਘ
੨੪—੧੧—੧੯੨੩ ਈਸਵੀ

(੨)

ਇਹ ਗੁਰਪ੍ਰਣਾਲੀ, ਜਿਸਦੀ ਅੱਖਰ ਅੱਖਰ ਨਕਲ ਇਸ ਸਫੇ ਤੋਂ ਲੈਕੇ ਦੋਨੋਂ ਨੀਲੀਆਂ ਲਕੀਰਾਂ ਦੇ ਅੰਦਰ ਅੰਦਰ ਹੈ, ਸਾਡੇ ਪਾਸ ਬੜੇ ਸੁੰਦਰ ਪੁਰਾਤਨ ਕਲਮੀ ਅੱਖਰਾਂ ਵਿੱਚ ਜਨਮ ਪੱਤ੍ਰੀ ਦੀ ਸ਼ਕਲ ਦੇ ਪੁਰਾਤਨ ਕਾਗਜ਼ ਦੇ ਸਾਇਜ਼ ਪਰ ਕੋਟ ਦੂੰਨਾ, ਰਿਆਸਤ ਪਟਿਆਲਾ, ਨਜ਼ਾਮਤ ਬਰਨਾਲਾ ਦੇ ਉਦਾਸੀ ਸਾਧੂਆਂ ਦੇ ਡੇਰੇ ਵਿਚੋਂ ਭਾ: ਪਰਤਾਪ ਸਿੰਘ ਮਾਸਟਰ-ਗੁਰਮੁਖੀ ਸੁਨਾਮ ਦੇ ਹੱਥੀਂ ਏਕਮ ਪੋਹ, ਸੰਮਤ ੧੯੭੨ ਨੂੰ, ਪੁੱਜੀ। ਅਸੀਂ ਉਸੇ ਦਿਨ, ਇਸ ਕਾਪੀ ਪਰ ਅੱਖਰ ਅੱਖਰ ਨਕਲ ਕਰਕੇ ਵਾਪਸ ਭੇਜ ਦਿਤੀ। ਉਸ ਉਤੇ ਓਸ ਦੇ ਲਿਖਣ ਦਾ ਸੰਮਤ ਦਰਜ ਨਹੀਂ ਸੀ। ਗੁਰਪ੍ਰਣਾਲੀ ਬੜੀ ਮੁਸਤਨਦ ਜਾਪਦੀ ਹੈ ॥ ਤ੍ਰੀਕ ੮—੧—੭੨

ਲੇਖਕ:—(ਸਹੀ) ਗੁਰਦਿਤ ਸਿੰਘ ਹਰੀਕਾ, ਤਹਿਸੀਲਦਾਰ,
ਸੁਨਾਮ—ਰਿਆਸਤ ਪਟਿਆਲਾ

Digitized by Panjab Digital Library | www.panjabdigilib.org

੧ ੴ ਸਤਿਨਾਮੁ

ਗੁਰ-ਪ੍ਰਨਾਲੀ

ਕ੍ਰਿਤ ਭਾਈ ਕੇਸਰ ਸਿੰਘ

੧ ੴ ਸਤਿਗੁਰ ਪ੍ਰਸਾਦਿ ॥ ਅਬ ਗੁਰਪ੍ਰਨਾਲੀ ਲਿਖਯਤੇ ॥
ਦੋਹਰਾ। ਉਤਪਤ ਜੋਤਿ ਬਿਅੰਤ ਕੀ, ਸਲਲੈ ਸਲਲ ਸਮਾਇ।
ਸਾਰ ਸੋਧ ਸਾਸਤ੍ਰ ਸਕਲ, ਕੇਸਰ ਸਿੰਘ ਸੁਨਾਇ ॥ ੧ ॥

ਪ੍ਰਿਥਮੇ ਬਾਬਾ ਰਾਮਨਰਾਇਣ ਜੀ ਬੇਦੀ। ਤਿਨਕੇ ਘਰ ਮਹਿਲ ਮਾਤਾ ਕੁਸ਼ਾਲ ਦੇਈ ਜੀ। ਤਿਨ ਕੇ ਬੇਟੇ ਦੋਇ: ਸਿਵਰਾਮ ਜੀ ਅਰੁ ਸਾਨਪਤ ਜੀ। ਸਿਵਰਾਮ ਜੀ ਕੇ ਘਰ ਮਹਿਲ ਮਾਤਾ ਬਨਾਰਸੀ ਜੀ। ਤਿਨਕੇ ਬੇਟੇ ਦੋਇ: ਇਕ ਕਲਿਜਾਨ ਦਾਸ ਏਕ ਲਾਲ ਚੰਦ। ਕਲਿਯਾਨ ਦਾਸ ਕੇ ਘਰ ਮਹਲ ਬੀਬੀ ਜੀ। ਤਿਨ ਕੇ ਘਰ ਸ੍ਰੀ ਸਤਿਗੁਰੂ ਬਾਬਾ ਨਾਨਕ ਦੇਵ ਜੀ ਜਨਮੇ ਰਾਇ ਭੋਇ ਭੱਟੀ ਦੀ ਤਲਵੰਡੀ ਬਾਰ ਵਿੱਚ। ਸੰਮਤ ੧੫੨੬ ਕਤਕ ਦਿਨ ਗਿਆਂ ਅਠਾਰਾਂ੧੮ ਬੁਧਵਾਰ, ਪੂੰਨਿਜਾ ਸੁਦੀ ਦੁਇ ਪਹਿਰ ਅਤੇ ਇਕ ਘੜੀ ਰਾਤ ਗਈ। ਅਨੁਰਾਧਾ ਨਿਛੱਤ੍ਰ ਵਿੱਚ*। ਫੇਰ ਬਡੇ ਹੋਏ ਬਿਆਹੁ ਕੀਤਾ। ਸੰਮਤ ੧੫੪੪ ਜੇਠ ਦਿਨ ੨੪; ਪਖੋਕੇ ਰੰਧਾਵੇ ਮੂਲੇ ਚੋਣੇ ਦੇ ਘਰ। ਮਾਤਾ ਸੁਲਖਣੀ ਜੀ ਆਈ। ਬਾਬਾ ਸਾਹਿਬ ਜੀ ਦੋ ਲੌਂਗ ਮਾਤਾ ਜੀ ਜੋਗ ਦਿੱਤੇ। ਸ੍ਰੀ ਚੰਦ ਜੀ ਜਨਮੇ ਸੰਮਤ ੧੫੫੧ ਸਾਵਨ ਦਿਨ ੫। ਫੇਰ ਲਖਮੀ ਦਾਸ ਜੀ ਜਨਮੇ ਸੰਮਤ ੧੫੫੩ ਫੱਗੁਣ ਦਿਨ ਗਿਆਂ ੧੯ ॥

ਸੱਤਰ ਵਰ੍ਹੇ ਤੇ ਪੰਜ ਮਹੀਨੇ ਸੱਤ ਦਿਨ† ਪਾਤਸਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਕੀਤੀ। ਸੰਮਤ ੧੫੯੬, ਅੱਸੂ ਵਦੀ ੧੦, ਸ੍ਰੀ ਗੁਰੂ ਬਾਬਾ ਨਾਨਕ ਦੇਵ ਜੀ ਸਮਾਣੇ, ਡੇਹਰੇ ਵਿਚ। ਮ: ਪਹਿਲਾ ੧ ॥

---

*ਕੱਤਿਕ ਪੂੰਨਿਆਂ ੨੧ ਕੱਤਿਕ ਸ਼ੁੱਕ੍ਰਵਾਰ ਨੂੰ ਸੀ। ਭਰਨੀ ਨਛੱਤ੍ਰ ਦਾ ਤੀਜਾ ਚਰਨ ਉਸ ਮੌਕੇ ਵਿਆਪ ਰਿਹਾ ਸੀ।

†ਇਤਨੀ ਉਮਰ, ਕੱਤਿਕ ਪੂੰਨਿਆਂ ਤੋਂ ਨਹੀਂ, ਵੈਸਾਖ ਸੁਦੀ ਤੀਜ (੧੯ ਵੈਸਾਖ) ਤੋਂ ਪੂਰੀ ਹੁੰਦੀ ਹੈ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

ਦੂਜੇ ਬਾਬਾ ਸੂਰਜ ਮੱਲ ਜੀ ਤੇਹਣ । ਤਿਨ ਕੇ ਘਰ ਮਹਲ ਮਾਤਾ ਸੁੰਦ੍ਦੇਈ ਜੀ । ਤਿਨ ਕਾ ਬੇਟਾ ਕੀਰਤਰਾਮ ਜੀ ॥ ਤਿਨ ਕੇ ਘਰ ਮਹਲ ਮਾਤਾ ਜੋਗਵੰਤੀ ਜੀ । ਤਿਨ ਕਾ ਬੇਟਾ ਫਿਰਾਇਆ ਮਲ । ਤਿਨ ਕੇ ਘਰ ਮਹਲ ਮਾਤਾ ਰਾਮੋਂ । ਤਿਨ ਕੇ ਘਰ ਸ੍ਰੀ ਸਤਿਗੁਰੂ ਅੰਗਦ ਦੇਵ ਜੀ ਜਨਮੇ ਹਰੀਕੇ ਗਿਰਾਇਂ ਵਿੱਚ । ਸੰਮਤ ੧੫੬੧ ਵੈਸਾਖ ਦਿਨ ੧੧ ਚਾਰ ਘੜੀਆਂ ਰਾਤਿ ਰਹਿੰਦੀ ਸੋਮਵਾਰ ਭਰਣੀ ਨਿਛੱਤ੍ਰ ਕੇ ਤੀਸਰੇ ਚਰਣ ਵਿੱਚ* । ਨਾਉ 'ਲਹਿਣਾ' ਰਖਿਆ । ਫੇਰ ਬਡੇ ਹੋਏ ਵਿਆਹ ਕੀਤਾ; ਸੰਮਤ ੧੫੭੬, ਮੱਘਰ ਦਿਨ ੧੬; ਮਾਤਾ ਖੀਵੀ ਜੀ ਆਈ । ਸਮਾ ਪਾਇਕੇ, ਦਾਸੂ ਜੀ ਜਨਮੇ; ਸੰਮਤ ੧੫੮੭, ਭਾਦ੍ਰੋਂ ਦਿਨ ੯ । ਫੇਰ ਬੀਬੀ ਅਮਰੋ ਜੀ ਜਨਮੀ; ਸੰਮਤ ੧੫੮੯, ਪੋਹ ਦਿਨ ੨ । ਫੇਰ ਬੀਬੀ ਅਨੋਖੀ ਜੀ ਜਨਮੀ; ਸੰਮਤ ੧੫੯੨, ਜੇਠ ਦਿਨ ੯ । ਫੇ[illegible]ਤੂ ਜੀ ਜਨਮੇ; ਸੰਮਤ ੧੫੯੪, ਮਾਘ ਦਿਨ ੧੭ ॥

ਬਾਰਾਂ ਵਰ੍ਹੇ ਤੇ ਛੇ ਮਹੀਨੇ, ਨੌ ਦਿਨ; ਪਾਤਸ਼ਾਹੀ, ਸ੍ਰੀ ਗੁਰੂ ਅੰਗਦ ਦੇਵ ਜੀ ਕੀਤੀ । ਸੰਮਤ ੧੬੦੯, ਚੇਤ ਸੁਦੀ ੪, ਸ੍ਰੀ ਗੁਰੂ ਅੰਗਦ ਦੇਵ ਜੀ ਸਮਾਣੇ; ਖਡੂਰ ਵਿਚ ॥ ਮਹਲਾ ੨ ॥

ੴ ਸਤਿਗੁਰ ਪ੍ਰਸਾਦਿ ॥

ਤੀਸਰੇ ਬਾਬਾ ਹਰਜੀ ਭੱਲਾ । ਤਿਨ ਕੇ ਘਰ ਮਹਿਲ ਮਿਲਾਵੀ ਜੀ; ਤਿਨ ਕਾ ਬੇਟਾ ਭੈਰੋ ਜੀ । ਤਿਨ ਕੇ ਘਰ ਮਹਿਲ ਮਾਤਾ ਬਸੰਤੀ ਜੀ; ਤਿਨ ਕਾ ਬੇਟਾ ਤੇਜਭਾਨ । ਤਿਨ ਕੇ ਘਰ ਮਹਲ ਮਾਤਾ ਲਖੋ, ਤਿਨ ਕੇ ਘਰ ਸ੍ਰੀ ਗੁਰੂ ਅਮਰਦਾਸ ਜੀ ਜਨਮੇ,ਬਾਸਰ ਕੀ । ਸੰਮਤ ੧੫੬੬ ਵੈਸਾਖ ਦਿਨ ੨੦ ਸ਼ੁਕ੍ਰਵਾਰ ਚੌਦਸ ਸੁਦੀ †ਡੂਢ ਪਹਰ ਰਾਤ ਰਹਿੰਦੀ, ਕ੍ਰਿਤਿਕਾ ਨਿਛੱਤ੍ਰ‡ ਵਿੱਚ । ਫੇਰ. ਵਡੇ ਹੋਏ ਗੋਇੰਦਵਾਲ ਆਇ ਰਹੇ । ਵੀਆਹੁ ਕੀਤਾ ਸੰਮਤ ੧੫੮੯ ਮਾਘ ਦਿਨ ੧੭ । ਮਾਤਾ ਮਨਸਾ ਦੇਵੀ ਜੀ ਆਈ ।

---

*ਸੋਮਵਾਰ ਤੇ ਭਰਣੀ ਨਛੱਤ੍ਰ, ੧੨ ਵੈਸਾਖ ਨੂੰ ਸਨ ।

†ਸ਼ੁੱਕ੍ਰਵਾਰ ਨੂੰ ੧੯ ਵੈਸਾਖ ਵਦੀ ੧੦ਵੀਂ ਤੇ ਨਛੱਤ੍ਰ ਸ਼ਤਭਿਖਾ ਸੀ ।

‡ਕ੍ਰਿਤਿਕਾ ਨਛੱਤ੍ਰ ੨੪ ਵੈਸਾਖ ਸੁਦੀ ੧, ਵੀਰਵਾਰ ਨੂੰ ਸੀ ।

Digitized by Panjab Digital Library | www.panjabdigilib.org

ਫੇਰ ਬਾਬੇ ਸ੍ਰੀ ਚੰਦ ਜੀ ਦੇ ਬਚਨ ਨਾਲ ਤੀਰਥ ਤਰਨ ਤਾਰਨ ਪ੍ਰਗਟ ਹੋਇਆ ਸੰਮਤ ੧੫੯੦ ਜੇਠ ਦਿਨ ੩। ਫੇਰ ਬੀਬੀ ਭਾਨੀ ਜੀ ਜਨਮੀ ਸੰਮਤ ੧੫੯੦ ਜੇਠ ਦਿਨ ੭ ਆਇਤਵਾਰ। ਫੇਰ ਮੋਹਨ ਮਸਤਾਨ ਜੀ ਜਨਮੇ ਸੰਮਤ ੧੫੯੩ ਚੇਤ ਦਿਨ ੧੫। ਫੇਰ ਦੂਜਾ ਬੇਟਾ ਮੋਹਰੀ ਜੀ ਜਨਮੇ ਸੰਮਤ ੧੫੯੬ ਹਾੜ ਦਿਨ ੫। ਫੇਰ ਬੀਬੀ ਭਾਨੀ ਜੀ ਬਿਆਹੀ; ਸੰਮਤ ੧੫੯੯, ਫਗੁਣ ਦਿਨ ੧੬। ਫੇਰ ਬਾਬਾ ਮੋਹਰੀ ਜੀ ਵਿਆਹ ਕੀਤਾ ਸੰਮਤ ੧੫... ਸਾਵਨ ਦਿਨ ੧੬। ਫੇਰ ਸ੍ਰੀ ਸਤਿਗੁਰੂ ਜੀ ਉਦਮ ਕੀਤਾ ਸ੍ਰੀ ਅੰਮ੍ਰਿਤਸਰ ਜੀ ਕਾ ਸੰਮਤ ੧੬੦੩ ਪੁਨਰਬਸ ਨਿਛਤ੍ਰ ਕੇ ਦੂਸਰੇ ਚਰਣ ਵਿੱਚ ਦਿਨ ਮੰਗਲਵਾਰ* ਪੰਜ ਘੜੀਆਂ ਦਿਨ ਚੜੇ। ਫੇਰ ਮੋਹਰੀ ਜੀ ਦੇ ਘਰ ਬੇਟਾ ਹੋਇਆ; ਤਿਸਦਾ ਨਾਉਂ, ਨੰਦ ਭਗਤ ਰਖਿਆ; ਸੰਮਤ ੧੬੧੧ ਕਤਿਕ ਦਿਨ ਚੌਦਾਂ ੧੪, ਬੁਧਵਾਰ ਕੇ ਦਿਨ॥

ਬਾਈ ਵਰ੍ਹੇ ਤੇ ਪੰਜ ਮਹੀਨੇ ਯਾਰਾਂ ਦਿਨ ਪਾਤਸਾਹੀ ਕੀਤੀ ਗੁਰੂ ਅਮਰਦਾਸ ਜੀ। ਸੰਮਤ ੧੬੩੧ ਭਾਦ੍ਰੋਂ ਸੁਦੀ ਪੂੰਨਿਆਂ ਮੰਗਲਵਾਰ ਸ੍ਰੀ ਗੁਰੂ ਅਮਰਦਾਸ ਜੀ ਸਮਾਣੇ ਗੋਇੰਦਵਾਲ ਬਿਆਸਾ ਨਦੀ ਕਿਨਾਰੇ॥

ਮਹਲਾ ੩॥

ੴ ਸਤਿਗੁਰ ਪ੍ਰਸਾਦਿ।

ਚਉਥੇ ਬਾਬਾ ਹਰਿਜੀ ਸੋਢੀ; ਤਿਨ ਕੇ ਘਰ ਮਹਲ ਮਾਤਾ ਪੂਰਨ ਦੇਈ। ਤਿਨਕਾ ਬੇਟਾ ਠਾਕੁਰਦਾਸ। ਤਿਨ ਕੇ ਘਰ ਮਹਲ ਮਾਤਾ ਅਨੂਪ ਦੇਈ। ਤਿਨ ਕਾ ਬੇਟਾ ਹਰਿਦਾਸ ਜੀ। ਤਿਨ ਕੇ ਘਰ ਮਹਲ ਮਾਤਾ ਅਨੂਪ ਦੇਈ† ਜੀ। ਤਿਨ ਕੇ ਘਰ ਸ੍ਰੀ ਗੁਰੂ ਰਾਮਦਾਸ ਜੀ ਜਨਮੇ ਲਾਹੌਰ ਨਗਰ ਵਿੱਚ ਸੰਮਤ ੧੫੮੭ ਕੱਤਿਕ ਦਿਨ ੨੦, ਦੁਤੀਆ‡ ਵਦੀ ਚਾਰ ਘੜੀਆਂ ਦਿਨ ਚੜ੍ਹੇ। ਫੇਰ ਬਡੇ ਹੋਏ ਵਿਆਹੁ ਕੀਤਾ ਸੰਮਤ ੧੫੯੯ ਫੱਗੁਣ ਦਿਨ ੧੧; ਮਹਲ ਮਾਤਾ ਭਾਨੀ ਜੀ ਆਈ। ਫੇਰ ਸਮਾ ਪਾਇਕੇ ਪ੍ਰਿਥੀਆ ਜਨਮਿਆਂ ਸੰਮਤ ੧੬੦੭ ਅੱਸੂ ਦਿਨ ੮। ਫੇਰ

---

*ਐਤਵਾਰ ਸੀ।

†ਇਹ ਨਾਮ ਭੁਲੇਖੇ ਨਾਲ ਲਿਖਿਆ ਗਿਆ ਜਾਪਦਾਇ, 'ਦਯਾ ਕੌਰ' ਚਾਹੀਏ।

‡੨੦ ਕੱਤਿਕ ਨੂੰ ਵਦੀ ੧੪ ਵੀਰਵਾਰ ਸੀ।

Digitized by Panjab Digital Library | www.panjabdigilib.org

ਮਹਾਂਦੇਉ ਜਨਮਿਆਂ ਸੰਮਤ ੧੬੦੯ ਹਾੜ ਦਿਨ ੪। ਫੇਰ, ਸ੍ਰੀ ਸਤਿਗੁਰੂ ਪੂਰਾ ਬੱਧਾ ਸੰਮਤ ੧੬੩੪ ਹਾੜ ਵਦੀ ਤ੍ਰੌਦਸੀ ਪ੍ਰੁੱਖ{} ਨਿਛੱਤ੍ਰ ਕੇ ਦਿਨ ਵੀਰਵਾਰ। ਫੇਰ ਗੁਰੂ ਅਰਜੁਨ ਦੇਵ ਜੀ ਜਨਮੇ ॥

੬ ਵਰ੍ਹੇ ਤੇ ਯਾਰਾਂ ਮਹੀਨੇ ਅਠਾਰਾਂ ਦਿਨ ਪਾਤਿਸਾਹੀ ਸ੍ਰੀ ਗੁਰੂ ਰਾਮ* ਦਾਸ ਜੀ ਕੀਤੀ। ਸੰਮਤ ੧੬੩੭†, ਭਾਦ੍ਰੋਂ ਸੁਦੀ (ਤੀਜ) ੩, ਸ੍ਰੀ ਗੁਰੂ ਰਾਮਦਾਸ ਜੀ ਸਮਾਣੇ ਗੋਇੰਦਵਾਲ ਬਿਆਸਾ ਨਦੀ ਕਿਨਾਰੇ ॥

॥ ਮਹੱਲਾ ੪ ॥

੧ ਓ ਸਤਿਗੁਰ ਪ੍ਰਸਾਦਿ।

ਪੰਜਮੇ ਸ੍ਰੀ ਸਤਿਗੁਰੂ ਅਰਜੁਨ ਦੇਵ ਜੀ ਜਨਮੇ ਗੋਇੰਦਵਾਲ ਗੁਰੂ ਰਾਮਦਾਸ ਸੋਢੀ ਦੇ ਘਰ ਮਾਤਾ ਭਾਂਨੀ ਦੇ ਪੇਟੋਂ ਸੰਮਤ ੧੬੧੦ ਵੈਸਾਖ ਦਿਨ ੧੮ ਮੰਗਲਵਾਰ ਤ੍ਰੌਦਸੀ ਸੁਦੀ ਰੋਹਣੀ ਨਿਛਤ੍ਰ ਕੇ ਬੀਚ‡ ਦੋ ਪਹਿਰ ਰਾਤ ਗਈ। ਫੇਰ ਵਡੇ ਹੋਏ ਵਿਆਹੁ ਕੀਤਾ ਮਰੂਏ ਗਿਰਾਇੰ ਵਿਚ ਚੰਦਨਦਾਸ ਸੂੜੀ ਦੇ ਘਰ ਸੰਮਤ ੧੬੨੨ ਵੈਸਾਖ ਦਿਨ ੨੯; ਮਹਿਲ ਮਾਤਾ ਰਾਮਦੇਈ ਜੀ ਆਈ। ਫੇਰ ਇੱਕ ਸਿੱਖ ਜਾਤਿ ਦਾ ਸੇਖੜੀ ਹਜ਼ੂਰ ਡੋਲਾ ਲੈ ਆਇਆ ਸੰਮਤ ੧੬੪੬ ਹਾੜ ਦਿਨ ੨੨; ਮਹਲ ਦੂਸਰਾ ਮਾਤਾ ਗੰਗਾ ਦੇਵੀ ਜੀ ਆਈ। ਸਮਾਂ ਪਾਇਕੇ ਗੁਰੂ ਹਰਿਗੋਬਿੰਦ ਜੀ ਜਨਮੇ। ਫੇਰ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉੱਦਮ ਕੀਤਾ; ਸੰਮਤ ੧੬੨੩[] ॥

ਚੌਵੀ ਵਰ੍ਹੇ ਤੇ ਨੌ ਮਹੀਨੇ ਤੇ ਇੱਕੀ ਦਿਨ ਪਾਤਸਾਹੀ ਗੁਰੂ ਅਰਜੁਨ ਦੇਵ ਜੀ ਕੀਤੀ। ਸੰਮਤ ੧੬੬੩, ਜੇਠ ਸੁਦੀ ੪ ਸ਼ੁਕ੍ਰਵਾਰ ਸ੍ਰੀ ਗੁਰੂ ਅਰਜੁਨ ਦੇਵ ਜੀ ਸਮਾਣੇ ਲਾਹੌਰ ਨਗਰ ਵਿਚ ਐਰਾਵਤੀ ਕਿਨਾਰੇ ਜਲੁ-ਦਾਗੁ ਹੋਇਆ ॥ ॥ ਮਹਲਾ ੫ ॥

{}ਇਸ ਦਿਨ 'ਕ੍ਰਿਤਿਕਾ' ਸੀ।

*ਉਤਾਰੇ ਵਿੱਚ 'ਅਮਰ' ਲਿਖਿਆ ਹੈ; ਜੋ ਲਿਖਾਰੀ ਦੀ ਭੁੱਲ ਹੈ।

†ਸੰਮਤ ੧੬੩੮ ਚਾਹੀਏ। ਏਥੇ ਭੀ ਸ਼ਾਇਦ ਲਿਖਾਰੀ ਦੀ ਹੀ ਉਕਾਈ ਹੋਵੇ।

‡ਜੰਤ੍ਰੀ ਅਨੁਸਾਰ ੧੮ ਵੈਸਾਖ ਨੂੰ ਸ਼ੁੱਕ੍ਰਵਾਰ ਸ਼ੁਦੀ ੨ ਨਛੱਤ੍ਰ ਕ੍ਰਿਤਿਕਾ ਸੀ।

[]ਸੰਮਤ ੧੬੫੩ ਯਾ ੬੩ ਭਾਵੇਂ ਹੋਵੇ! ੨੩, ਜ਼ਰੂਰ ਗ਼ਲਤ ਹੈ।

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ।

ਛੇਮੇ ਸ੍ਰੀ ਸਤਿਗੁਰੂ ਹਰਿਗੋਬਿੰਦ ਜਨਮੇ ਗੁਰੂ ਅਰਜੁਨ ਦੇਵ ਜੀ ਦੇ ਘਰ ਮਾਤਾ ਗੰਗਾਦੇਵੀ ਦੇ ਪੇਟੋਂ ਗੁਰੂ ਕੀ ਵਡਾਲੀ ਸੰਮਤ ੧੬੫੨ ਹਾੜ ਦਿਨ ੨੧ ਦੋ ਪਹਰ ਰਾਤ ਗਈ ਕਿਸਨਾ ਪਖਾ ੧੧ ਪੁਖ ਨਿਛੱਤ੍ਰ ਆਇਤਵਾਰ ਕੇ ਦਿਨ* । ਫੇਰ ਵਡੇ ਹੋਏ ਵਿਆਹੁ ਕੀਤਾ ਸੰਮਤ ੧੬੬੧ ਭਾਦੋਂ ਦਿਨ ਗਿਆਂ ੨੩ ਸੂੜੀਆਂ ਸਿਖਾਂ ਦੇ ਘਰ; ਮਾਤਾ ਦਾਮੋਦਰੀ ਜੀ ਆਈ ਮਹਲ ੧ । ਫੇਰ ਸਾਹਿਬ ਕਸ਼ਮੀਰੋਂ ਆਣਕੇ ਹੋਰ ਵਿਆਹੁ ਕੀਤਾ ੧੬੭੦ ਵੈਸਾਖ ਦਿਨ ੧ ਰਮਦਾਸ ਪੁਰੇ ਵਿੱਚ ਲੰਬਾਂ ਦੀ ਬੇਟੀ ਮਾਤਾ ਨਾਨਕੀ ਜੀ ਆਈ ਮਹਲ ੨। ਫੇਰ ਬਾਬਾ ਗੁਰਦਿਤਾ ਜੀ ਜਨਮੇ ਮਾਤਾ ਦਮੋਦਰੀ ਦੇ ਪੇਟੋਂ ਸੰਮਤ ੧੬੭੦ ਕੱਤਿਕ ਦਿਨ ੮। ਫੇਰ ਸਾਹਿਬ ਸ੍ਰੀ ਗੰਗਾ ਜੀ ਦਾ ਇਸਨਾਨ ਕਰਕੇ ਆਏ। ਤਬ ਸਿੱਖ ਹੋਰ ਡੋਲਾ ਲੈ ਆਇਆ; ਵਿਆਹੁ ਕੀਤਾ ਮਹਰਾਈ ਮਰਵਾਹਿਆਂ ਦੀ ਬੇਟੀ ਆਈ ਮਹਲ ੩ ਸੰਮਤ ੧੬੭੨ ਸਾਵਣ ਦਿਨ ੧੧ । ਫੇਰ ਬਿਆਸਾ ਨਦੀ ਕਿਨਾਰੇ ਰਹੀਲਾ ਗਰਾਉਂ ਮੁੱਲ ਲੈਕੇ ਨਗਰ ਸ੍ਰੀ ਹਰਿਗੋਬਿੰਦ ਪੁਰਾ ਬੱਧਾ ਸੰਮਤ ੧੬੭੨ ਅੱਸੂ ਦਿਨ ੫। ਦੂਜਾ ਬੇਟਾ ਸੂਰਜ ਮਲ ਜੀ ਜਨਮਿਆ ਮਾਤਾ ਮਹਿਰਾਈ ਦੇ ਪੇਟੋਂ ਸੰਮਤ ੧੬੭੨ ਕੱਤਿਕ ਦਿਨ ੨੩। ਤੀਜਾ ਬੇਟਾ ਅਣੀ ਰਾਇ ਜਨਮਿਆਂ ਮਾਤਾ ਦਮੋਦਰੀ ਦੇ ਪੇਟੋਂ ਸੰਮਤ ੧੬੭੪ ਫਗੁਣ ਦਿਨ ੧੧ । ਚੌਥਾ ਬੇਟਾ ਅਟਲਰਾਇ ਜੀ ਜਨਮਿਆ ਮਾਤਾ ਮਹਿਰਾਈ ਦੇ ਪੇਟੋਂ ੪‡ ਫੇਰ ਪੰਜਵਾਂ ਬੇਟਾ ਗੁਰੂ ਤੇਗ ਬਹਾਦੁਰ ਜੀ ਜਨਮਿਆਂ; ੫। ਫੇਰ ਸਾਹਿਬ ਨੇ ਤਖਤ ਅਕਾਲ ਬੁੰਗਾ ਬਣਾਇਆ; ਸੰਮਤ ੧੬੬੩। ਫੇਰ ਸਿੱਖ ਹੋਰ ਡੋਲਾ ਲੈ ਆਇਆ ਸੰਮਤ ੧੬੭੮ ਜੇਠ ਦਿਨ ੩ ਮਾਤਾ ਕੌਲੋਂ ਜੀ ਵਿਆਹੀ ਕੁਮਰਾਵਾਂ ਦੀ ਬੇਟੀ ਮਹਲ ਚੌਥਾ ੪। ਫੇਰ ਬਾਬੇ ਗੁਰਦਿੱਤੇ ਜੀ ਵਿਆਹੁ ਕੀਤਾ ਸੰਮਤ ੧੬੮੪ ਸਾਵਨ ਦਿਨ ਗਿਆਂ ੯; ਮਾਤਾ ਕਰਮ ਭਰੀ ਜੀ ਆਈ। ਸਮਾ ਪਾਇਕੇ ਬਾਬੇ ਗੁਰਦਿੱਤੇ ਦੇ ਡੇਹਰੇ ਬੇਟਾ ਧੀਰ ਮਲ ਜਨਮਿਆ ਸੰਮਤ ੧੬੮੪ ਕੱਤਿਕ ਦਿਨ ੪। ਫੇਰ ਬਾਬੇ ਗੁਰਦਿਤੇ ਜੀ

*੨੧ ਹਾੜ ਨੂੰ ਵੀਰਵਾਰ ਵਦੀ ੮ ਤੇ ਨਛੱਤ੍ਰ ਰੇਵਤੀ ਸੀ।

‡ਏਥੇ ਜਨਮ-ਸੰਮਤ ਆਦਿ ਲਿਖਣਾ ਖਬਰੇ—ਉਤਾਰਾ—ਕਰਨਹਾਰ ਹੀ ਭੁੱਲ ਗਿਆ ਹੈ।

Digitized by Panjab Digital Library | www.panjabdigilib.org

ਹੋਰ ਵਿਆਹੁ ਕੀਆ ਸੰਮਤ ੧੬੮੫* ਮਾਘ ਦਿਨ ਗਿਆਂ ੧੧ ਮਾਤਾ ਦਇਆ ਦੇਵੀ ਜੀ ਆਈ ਮਹਲ ਦੂਸਰਾ। ਫੇਰ ਦੂਸਰਾ ਬੇਟਾ ਹਰਿਰਾਇ ਜੀ ਜਨਮਿਆ ਬਾਬੇ ਗੁਰਦਿੱਤੇ ਦੇ ਡੇਹਰੇ। ਫੇਰ ਬਾਬਾ ਗੁਰਦਿੱਤਾ ਜੀ ਅਸਵਾਰਾ ਕਰ ਗਏ ਸੰਮਤ ੧੬੯੬* ਪੋਹ ਦਿਨ ੫ ॥

ਇਕੱਤੀ ਵਰ੍ਹੇ ਤੇ ਦਸ ਮਹੀਨੇ ਛੇ ਦਿਨ ਪਾਤਸ਼ਾਹੀ (ਗੁਰੂ) ਹਰਿਗੋਬਿੰਦ ਜੀ ਕੀਤੀ। ਸੰਮਤ ੧੬੯੫ ਚੇਤ ਸੁਦੀ ੧੦† ਸ੍ਰੀ ਸਤਿਗੁਰੂ ਹਰਿਗੋਵਿੰਦ ਜੀ ਸਮਾਣੇ ਕੀਰਤਪੁਰ ਪਤਾਲਪੁਰੀ ਨਦੀ ਸਤਲੁਦਰ ਉੱਤੇ॥

॥ ਮਹਲਾ ੬ ॥

੧ ਓ ਸਤਿਗੁਰ ਪ੍ਰਸਾਦਿ।

ਸਤਮੇ ਸ੍ਰੀ ਗੁਰੂ ਹਰਿਰਾਇ ਜੀ ਜਨਮੇ ਬਾਬੇ ਗੁਰਦਿੱਤੇ ਦੇ ਘਰ ਮਾਤਾ ਦਇਆ ਦੇਵੀ ਦੇ ਪੇਟੋਂ ਕੀਰਤਪੁਰ ਵਿਚ ਸੰਮਤ ੧੬੮੬ ਮਾਘ ਦਿਨ ੧੩ ਬੀਰਬਾਰ ਭਰਣੀ ਨਿਛਤ੍ਰ ਯਾਰਾਂ ਘੜੀਆਂ ਰਾਤ ਗਈ‡। ਫੇਰ ਬੜੇ ਹੋਏ ਬਿਆਹੁ ਕੀਤਾ ਅਰੂਪ ਗਿਰਾਇ ਵਿਚ ਸੰਮਤ ੧੬੯੪ ਹਾੜ ਦਿਨ ੧੭; ਮਾਤਾ ਕੋਟ ਕਲਿਆਣੀ ਜੀ ਆਈ। ਨਾਲ ਪੰਜਾਬੋ ਟਹਿਲਣ ਭੀ ਆਈ। ਮਹਲ ਮਾਤਾ ਚੰਦ ਕੌਰ ਜੀ ਆਈ; ਮਹਲ ਮਾਤਾ ਤੋਖੀ ਜੀ ਆਈ; ਮਹਲ ਮਾਤਾ ਲਡਿਕੀ ਜੀ ਆਈ; ਮਹਲ ਮਾਤਾ ਅਣੋਖੀ ਜੀ ਆਈ। ਸੰਮਤ ੧੭੦੩ ਚੇਤ ਦਿਨ ੧੪ ਸੋਮਵਾਰ ਰਾਮਰਾਇ ਜਨਮਿਆ ਮਾਤਾ ਪੰਜਾਬੋ ਦੇ ਪੇਟੋਂ ਕੀਰਤਪੁਰ ਵਿੱਚ ਸੰਮਤ ੧੭੦੩ ਜੇਠ ਦਿਨ ੭ ਗੁਰੂ ਹਰਿਰਾਇ ਦਾ ਕੋਟ ਬੱਧਾ।ਫੇਰ ਗੁਰੂ ਹਰਿਕ੍ਰਿਸਨਜੀ ਜਨਮੇ॥

ਤੇਈ{} ਬਰਹੇ ਛੇ ਮਹੀਨੇ ਚਉਦਾਂ ਦਿਨ ਪਾਤਸਾਹੀ ਗੁਰੂ ਹਰਿ ਰਾਇ ਜੀ ਕੀਤੀ। ਸੰਮਤ ੧੭੧੮ ਕੱਤਿਕ ਵਦੀ ੯ ਆਦਿਤਵਾਰ ਛੇ ਘੜੀਆਂ ਦਿਨ ਰਹਿੰਦੇ ਸ੍ਰੀ ਸਤਿਗੁਰੂ ਹਰਿ ਰਾਇ ਜੀ ਸਮਾਣੇ ਕੀਰਤਪੁਰ॥

॥ ਮਹਲਾ ੭ ॥

---

*ਸਹੀ ਸੰਮਤ ੧੬੯੫ ਹੈ।

†ਏਹ ਸਮਾ ਬਾਬਾ ਗੁਰਦਿੱਤਾ ਜੀ ਦੇ ਸਮਾਵਣ ਦਾ ਹੈ; ਸਤਿਗੁਰੂ ਜੀ ਸੰਮਤ ੧੭੦੧ ਚੇਤ੍ਰ ਸੁਦੀ ੫ ਨੂੰ ਜੋਤੀ ਜੋਤਿ ਸਮਾਏ ਹਨ।

‡੧੩ ਮਾਘ ਨੂੰ ਥਿਤਿ ਸੁਦੀ ੭ ਵੀਂ ਸੀ ਤੇ ਅਸ੍ਵਿਨੀ ਨਛੱਤ੍ਰ ਦਾ ਦੂਜਾ ਚਰਨ।

{}ਸੰਮਤ ੧੭੦੧ ਤੋਂ ਗਿਣਿਆਂ ਸਤਾਰਾਂ ਵਰ੍ਹੇ ਬਣਦੇ ਹਨ।

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ।

ਅਠਮੇ ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ਜਨਮੇ ਕੀਰਤਪੁਰ ਬਿਚ ਗੁਰੂ ਹਰਿ ਰਾਇ ਜੀ ਦੇ ਘਰ ਮਾਤਾ ਕੋਟ ਕਲਿਆਣੀ ਦੇ ਪੇਟੋਂ ਸੰਮਤ ੧੭੧੩ ਸਾਵਨ ਦਿਨ ਗਿਆਂ ੯ ਬੁਧਵਾਰ ਕ੍ਰਿਸ਼ਨਾ ਪਖ ਪੁਨਰਬਸ ਪੁਖ (?) ਨਿਛੱਤ੍ਰ ਸਾਢੇ ਸੱਤ ਘੜੀਆਂ ਦਿਨ ਚੜ੍ਹੇ* । ਫੇਰ ਬਡੇ ਹੋਏ ਬਾਲੇ ਗੁਰੂ ਜੀ ਤਖਤ ਬੈਠੇ ਗੁਰਿਆਈ ਦੇ ਸੰਮਤ ੧੭੧੯† ਅੱਸੂ ਸੁਦੀ ੧੦ ਕੇ ਦਿਨ ॥‡

‡ਦੋਇ ਵਰੇ ਤੇ ਪੰਜ ਮਹੀਨੇ ਉਨ੍ਹੀ ਦਿਨ ਪਾਤਸ਼ਾਹੀ ਗੁਰੂ ਹਰਿਕ੍ਰਿਸ਼ਨ ਜੀ ਕੀਤੀ। ਸੰਮਤ ੧੭੨੧ ਚੇਤ ਸੁਦੀ ਚੌਦਸ ਬੁਧਵਾਰ ਦੁਇ ਪਹਿਰ ਦੁਇ ਘੜੀਆਂ ਰਾਤ ਗੁਜ਼ਰੀ ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ਸਮਾਣੇ ਦਿੱਲੀ ਵਿੱਚ ॥ ॥ ਮਹਲਾ ੯ ॥

ੴ ਸਤਿਗੁਰ ਪ੍ਰਸਾਦਿ ।

ਨਉਮੇ ਸ੍ਰੀ ਸਤਿਗੁਰੂ ਤੇਗ ਬਹਾਦੁਰ ਜੀ ਜਨਮੇ ਰਮਦਾਸ ਪੁਰੇ ਬਿਚ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੇ ਪੇਟੋਂ ਸੰਮਤ ੧੬੭੮ ਮੱਘਰ ਦਿਨ ੧੯ ਸ਼ੁਕ੍ਰਵਾਰ ਕ੍ਰਿਸ਼ਨਾ ਪਖ ਢਾਈ ਪਹਿਰ ਰਾਤ ਗਈ ਵਿਸ਼ਾਖਾ ਨਿਛਤ੍ਰ {} । ਫੇਰ ਬਡੇ ਹੋਏ ਵਿਆਹੁ ਕੀਤਾ ਕਰਤਾਰਪੁਰ ਸੰਮਤ ੧੬੯੬ ਅਸੂ ਦਿਨ ੫ ਸੁਭਿਖੀਆਂ ਦੇ ਘਰ ਮਾਤਾ ਗੁਜਰੀ ਜੀ ਆਈ। ਫੇਰ ਸਾਹਿਬ ਮਹਲ ਸੰਜੁਗਤ ਤੀਰਥਾਂ ਨੂੰ ਗਏ ਸੰਮਤ ੧੭੨੩ । ਆਗਿਆ ਅਕਾਲ ਪੁਰਖ ਦੀ ਨਾਲ ਗੁਰੂ ਗੋਬਿੰਦ ਸਿੰਘ ਜੀ ਜਨਮੇ ॥

---

*੯ ਸਾਵਣ ਨੂੰ ਮੰਗਲਵਾਰ ਵਦੀ ੧੨ ਸੀ ਤੇ ਰੋਹਿਣੀ ਨਛੱਤ੍ਰ ਦਾ ਚਉਥਾ ਚਰਣ ਚਲਦਾ ਸੀ।

†ਜੇ ਇਹ ਸੰਮਤ ਠੀਕ ਹੋਵੇ ਤਾਂ ਇਕ ਵਰ੍ਹਾ ਗੁਰ-ਗੱਦੀ ਖ਼ਾਲੀ ਰਹਿੰਦੀ ਹੈ।

‡ਸੰਮਤ ੧੭੧੮ ਠੀਕ ਹੈ । ਇਸ ਤਰ੍ਹਾਂ ਗੁਰਤਾਈ-ਕਾਲ ਤਿੰਨ ਵਰ੍ਹੇ ਪੰਜ ਮਹੀਨੇ ੨੫ ਦਿਨ ਬਣਦਾ ਹੈ।

{}੧੯ ਮੱਘਰ ਨੂੰ, ਐਤਵਾਰ, ਪੂੰਨਿਆਂ ਸੀ; ਤੇ ਰੋਹਿਣੀ ਨਛੱਤ੍ਰ ਦਾ ਦੂਜਾ ਚਰਣ।

Digitized by Panjab Digital Library | www.panjabdigilib.org

੧੦.

ਦਸ ਵਰ੍ਹੇ ਤੇ ਸੱਤ ਮਹੀਨੇ ਤੇ ਇਕੀ ਦਿਨ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਕੀਤੀ। ਸੰਮਤ ੧੭੩੨ ਮਘਰ ਸੁਦੀ ੫ ਵੀਰਵਾਰ ਦੁਇ ਪਹਿਰ ਇਕ ਘੜੀ ਦਿਨ ਚੜ੍ਹੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਸਮਾਣੇ ਦਿੱਲੀ ਵਿੱਚ; ਸਾਂਗ ਹੋਇਆ ਗੁਰੂ ਜੀ ਕੀਤਾ॥ ॥ ਮ: ੯॥

ੴ ਸਤਿਗੁਰ ਪ੍ਰਸਾਦਿ॥

ਦਸਵੇਂ ਗੁਰੂ ਸ੍ਰੀ ਸਤਿਗੁਰੂ ਸਰਬ ਕਲਾ ਸਮ੍ਰਥ, ਗੁਰੂ ਗੋਬਿੰਦ ਸਿੰਘ ਜੀ ਜਨਮੇ ਪਟਣੇ ਨਗਰ ਵਿਚ ਗੁਰੂ ਤੇਗ ਬਹਾਦੁਰ ਜੀ ਦੇ ਘਰ ਮਾਤਾ ਗੁਜਰੀ ਦੇ ਪੇਟੋਂ ਸੰਮਤ ੧੭੨੩ ਮਾਘ ਦਿਨ ੧੩ ਸ਼ੁਕਲਾ ਪੱਖ ਅਸਟਮੀ ਧਨਿਸਟਾ ਨਿਛੱਤ੍ਰ ਕੇ ਤੀਸਰੇ ਚਰਣ ਵਿਚ *ਆਇਤਵਾਰ ਪਹਿਰ ਰਾਤਿ ਰਹਿੰਦੀ ਅਨਹਦ ਧੁਨਿ ਹੋਈ; ਜਨਮ ਧਾਰਿਆ ਪੂਰਨ ਪੁਰਖ ਸਰਬ ਸ਼ਕਤਿ। ਫੇਰ ਵਡੇ ਹੋਏ ਵਿਆਹੁ ਕੀਤਾ ਸੰਮਤ ੧੭੩੦ ਜੇਠ ਦਿਨ ੧੫। ਸੁਇਨੀਆਂ ਦੀ ਬੇਟੀ ਮਾਤਾ ਸੁੰਦਰੀ ਮਹਲ ੧। ਫੇਰ ਸਾਹਿਬ ਦੂਸਰਾ ਵਿਆਹੁ ਕੀਤਾ; ਕੁਮਰਾਵਾਂ ਸਿੱਖਾਂ ਡੋਲਾ ਆਂਦਾ ਸੰਮਤੁ ੧੭੪੩ ਹਾੜ ਦਿਨ ੨੪ ਮਾਤਾ ਅਜੀਤੋ ਜੀ ਆਈ ਮਹਲ ਦੂਜਾ। ਸੰਮਤ ੧੭੪੩ ਮਾਘ ਦਿਨ ੩੦ ਸ਼ੁਕ੍ਰਵਾਰ ਚੌਦਸ ਸੁਦੀ† ਅਜੀਤ ਸਿੰਘ ਜੀ ਜਨਮੇ ਸਾਹਿਬਜ਼ਾਦਾ ਪਹਿਲਾ ਮਾਤਾ ਸੁੰਦਰੀ ਜੀ ਦੇ ਪੇਟੋਂ। ਸੰਮਤ ੧੭੫੬ ਵੈਸਾਖ ਦਿਨ ੨੫ ਪਾਹੁਲ ਦਿੱਤੀ ਖਾਲਸੇ ਜੀ ਦਾ ਰੂਪ ਪ੍ਰਗਟ ਕੀਤਾ। ਕੋਈ ਕਾਲ ਪਿੱਛੋਂ ਮਾਤਾ ਜੀਤੋ ਦਾ ਅਸਵਾਰਾ ਹੋ ਗਿਆ। ਸੰਮਤ ੧੭੫੭ ਪੋਹ ਦਿਨ ੬ ਸੋਮਵਾਰ‡ ਡੂਢ ਪਹਿਰ ਦਿਨ ਚੜ੍ਹੇ। ਫੇਰ ਰਿਖਰਾਮਾਂ ਰਉਤਾਸੋਂ ਸਿੱਖਾਂ ਡੋਲਾ ਆਂਦਾ। ਸੰਮਤ ੧੭੫੮ ਸਾਵਣ ਦਿਨ ੫ ਮਾਤਾ ਸਾਹਿਬ ਦੇਵੀ ਜੀ ਆਈ; ਸੋ ਹਜ਼ੂਰ ਕੁਆਰਾ ਡੋਲਾ

---

*੧੩ ਮਾਘ ਨੂੰ ਵਦੀ ੧੩, ਵਾਰ ਸ਼ੁੱਕ੍ਰ ਤੇ ਨਛਤ੍ਰ ਮੂਲਾ ਸੀ। ਪਰ ਇਸ ਸਾਲ, ਸ੍ਰੀ ਗੁਰੂ ਤੇਗ ਬਹਾਦੁਰ ਅਜੇ ਪੰਜਾਬ ਵਿੱਚ ਹੀ ਸਨ; ਸੰਮਤ ੧੭੨੫ ਵਿੱਚ, ਰਾਜਾ ਰਾਮ ਸਿੰਘ ਅੰਬੇਰਪਤਿ ਨਾਲ ਪੂਰਬ ਗਏ ਸਨ। (ਮਆਸਰ–ਆਲਮਗੀਰੀ ਪੰਨਾ ੬੪-੫ ਤੇ ਅਖਬਾਰਾਤ ਦਰਬਾਰ ਮੁਅੱਲਾ-ਜੈਪੁਰ-ਬ-ਅਹਦ ਬਹਾਦੁਰਸ਼ਾਹ ਬਾਦਸ਼ਾਹ।)

†ਸੰਮਤ ੧੭੪੩ ਦਾ ਮਾਘ ੨੯ ਦਿਨਾਂ ਦਾ ਸੀ ਤੇ ਵੀਰਵਾਰ; ਫੱਗੁਣ ਵਦੀ ੯ ਨੂੰ ਪੂਰਾ ਹੋਇਆ ਸੀ।

‡੬ ਪੋਹ ਇਸ ਵਰ੍ਹੇ ਵੀਰਵਾਰ ਨੂੰ ਸੀ ਤੇ ਸੋਮਵਾਰ ੩ ਪੋਹ ਨੂੰ।

Digitized by Panjab Digital Library | www.panjabdigilib.org

ਰਹਿਆ ਮਹਲ ਤੀਸਰਾ। ਸੰਮਤ ੧੭੬੨ ਭਾਣਾ ਵਰਤਿਆ ਸਾਹਿਬਜ਼ਾਦੇ ਅਜੀਤ ਸਿੰਘ ਜੀ ਤੇ ਜੁਝਾਰ ਸਿੰਘ ਜੀ ਅਸਵਾਰਾ ਕੀਤਾ ਜੁਧ ਵਿਚ, ਚਮਕੌਰ ਸਾਹਿਬ, ਦੋ ਸੈ ਬਾਈ ਸਿੰਘ ਨਾਲ ਚੜ੍ਹੇ; ਮਘਰ ਦਿਨ ੧੭, ਦੁਇ ਘੜੀਆਂ ਦਿਨ ਰਹਿੰਦੇ, ਦਿਨ ਵੀਰਵਾਰ{} ਫੇਰ ਜ਼ੋਰਾਵਰ ਸਿੰਘ ਜੀ ਤੇ ਫਤੇ ਸਿੰਘ ਜੀ ਸਮਾਣੇ; ਸਿਰੰਦ ਵਿਚ; ਸਵਾ ਪਹਿਰ ਦਿਨ ਚੜ੍ਹੇ; ਸ੍ਰੀ ਸਾਹਿਬ ਜੀ ਦੇ ਨਾਲ, ਪੋਹ ਦਿਨ ੩, ਮੰਗਲਵਾਰ।*

ਬੱਤੀ ਵਰ੍ਹੇ ਤੇ ਯਾਰਾਂ ਮਹੀਨੇ, ਪਾਤਸਾਹੀ ਕਰਨ ਕਾਰਨ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਕੀਤੀ। ਸੰਮਤ ੧੭੬੫, ਕੱਤਿਕ ਸੁਦੀ ੫, ਸੋਮਵਾਰ,† ਦੋ ਪਹਿਰ ਰਾਤ ਗਈ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਸਮਾਣੇ, ਸ੍ਰੀ ਅਬਚਲ ਨਗਰ, ਗੁਦਾਵਰੀ ਕਿਨਾਰੇ। ਪਾਤਸ਼ਾਹੀ ੧੦ ॥

੧ ਓ ਸਤਿਗੁਰ ਪ੍ਰਸਾਦਿ

ਅਗੇ ਬਖਸ਼ ਖਾਲਸੇ ਉਪਰ ਹੋਈ। ਹੁਕਮ, ਸ੍ਰੀ ਸਤਿਗੁਰੂ ਦਸਮੇ ਪਾਤਸਾਹ ਦੇ ਨਾਲ, ਬੰਦਾ ਜੀ ਪ੍ਰਗਟ ਹੋਇਆ; ਨੌ ਮਹੀਨੇ ਅਤੇ ਨੌ ਦਿਨ ਪਿੱਛੇ; ਸੰਮਤ ੧੭੬੬, ਸਾਵਣ ਦਿਨ ੨੭; ਬੰਦਾ ਲਛਮਨ ਦਾਸ ਬੈਰਾਗੀ, ਲੋਹਗੜ੍ਹ ਦੇ ਬਾਗ ਵਿਚ, ਤੁੰਗ ਰਜਪੂਤ ਦੇ ਦੇਸ। ਨੌ ਬਰਸ, ਤੇ ਚਾਰ ਮਹੀਨੇ, ਅਠ ਦਿਨ; ਪਾਤਸਾਹੀ ਬੰਦੇ ਜੀ ਕੀਤੀ। ਸੰਮਤ ੧੭੭੫, ਫਗੁਣ ਦਿਨ ਗਿਆਂ ੨੨‡; ਬੰਦਾ ਜੀ, ਬੇਟਾ ਅਜੈ ਸਿੰਘ ਜੀ ਸਮੇਤ; ਚਾਂਦਨੀ ਚੌਕ-ਦਿੱਲੀ ਵਿਚ; ਸਤਾਈ ਸੈ ਤ੍ਰਾਨਵੇਂ ਸਿੰਘਾਂ ਨਾਲ ਚੜ੍ਹੇ; ਅਮਲ ਫੱਰੁਖਸੀਜਰ ਦੇ ਵਿੱਚ ॥

ਚਾਰ ਬਰਸ ਤੇ ਸਤ ਦਿਨ ਪਾਤਸਾਹੀ ਸਾਹਿਬਜਾਦੇ ਬਚਨ ਦੇ ਜੀਤ ਸਿੰਘ ਜੀ ਕੀਤੀ, ਦਿੱਲੀ ਵਿੱਚ ॥

ਤਿੰਨ ਬਰਸ ਤੇ ਚੌਦਾਂ ਦਿਨ; ਪਾਤਸਾਹੀ, ਸਾਹਿਬਜਾਦੇ–ਬਚਨ ਦੇ ਹਠੀ ਸਿੰਘ ਜੀ ਕੀਤੀ, ਦਿੱਲੀ ਵਿੱਚ ॥ ॥ ਇਤੀ ਸੰਪੂਰਣੰ ॥

{}ਇਸ ਸਾਲ ੧੭ ਮੱਘਰ ਸਨਿੱਚਰਵਾਰ ਨੂੰ ਸੀ ਤੇ ਵੀਰਵਾਰ ੧੫ ਮੱਘਰ ਨੂੰ।

*ਤਿੰਨ ਪੋਹ, ਇਸ ਵਰ੍ਹੇ ਐਤਵਾਰ ਨੂੰ ਸੀ ਤੇ ਮੰਗਲਵਾਰ ੫ ਪੋਹ ਨੂੰ।

†ਕੱਤਿਕ ਸੁਦੀ ੫ ਨੂੰ ਵੀਰਵਾਰ ੬ ਕੱਤਿਕ ਸੀ; ਸੋਮਵਾਰ ਨਹੀਂ।

‡ਐਤਵਾਰ ੧੨ ਹਾੜ੍ਹ ਸੰਮਤ ੧੭੭੩ ਬਿ: (੨੯ ਜਮਾਦੀ-ਉਲ-ਆਖ਼ਿਰ ੧੧੨੮ ਹਿ:) ਨੂੰ ਬਾਬਾ ਬੰਦਾ ਸਿੰਘ ਜੀ ਸ਼ਹੀਦ ਕੀਤੇ ਗਏ।

Digitized by Panjab Digital Library | www.panjabdigilib.org

ਇਸ ਬਾਰੇ ਕੁਝ

ਅਗਲੇ ਪੱਤਰਿਆਂ ਵਿੱਚ ਜੋ ਗੁਰ-ਪ੍ਰਣਾਲੀ ਛਪ ਰਹੀ ਹੈ, ਇਹ ਕਵੀ ਸੌਂਧਾ ਜੀ ਦੀ ਰਚੀ ਇੱਕ ਲਿਖਤੀ ਪੁਸਤਕ 'ਅੰਮ੍ਰਿਤਸਰ ਮਹਾਤਮ' ਵਿਚੋਂ ਲਈ ਗਈ ਹੈ। ਕਵੀ ਜੀ ਆਪਣੇ ਸੰਬੰਧੀ ਪੁਸਤਕ ਦੇ ਅੰਤ ਵਿੱਚ ਸਿਰਫ ਇਤਨਾ ਹੀ ਦਸਦੇ ਹਨ:- ਕਵਿ ਵਾਚ। ਦੋਹਰਾ।

ਉਸਤਤਿ ਜੋ ਗੁਰਦੁਆਰ ਕੀ, 'ਸੌਂਧੇ' ਕਹੀ ਬਨਾਇ।
ਸੁਨਿ ਕਰਿ ਆਦਰੁ ਕੀਜੀਏ,ਸਤਿਗੁਰੁ ਹੋਇ ਸਹਾਇ ॥੩੮॥੧੪

ਸ੍ਵੈਯਾ। ਵਾਚਕ ਹੋਇ ਪ੍ਰਬੀਨ ਜੋਊ ਨਰ,
ਨੀਚ ਕੇ ਵਾਕ ਪੈ ਸੰਕ ਨਾ ਮਾਨੈ।
ਮਾਲਨਿ ਨੀਚ ਜੁ ਫੂਲ ਚੜ੍ਹਾਵਤਿ,
ਲੇਤ ਹੀ ਭੂਪਤਿ ਸੀਸ ਪੈ ਆਨੈ।
ਮਾਲਨ ਕੇ ਕਰ ਹੈਂ ਅਪਵੀਤ,
ਪੈ ਫੂਲ ਕੋ ਕੋ ਅਪਵੀਤ ਬਖਾਨੈ!
ਉਸਤਤਿ ਹੈ ਗੁਰ ਫੂਲ ਸਮਾਨ,
ਪੜ੍ਹੈ ਨਰ ਊਚ ਸੁ ਊਚ ਹੀ ਜਾਨੈ ॥੩੯॥੧੫

ਦੋਹਰਾ। ਉਸਤਤਿ ਗੁਰ ਕੀ ਘੀਉ ਸਮ, ਕੁਪੀ ਮੋਹ ਸਰੀਰ।
ਕੁਪੀ ਹਿਤ ਸਿਉਂ ਰਾਖੀਅਹੁ, ਭਲਾ ਕਰੇ ਰਘੁਬੀਰ ॥੪੦॥੧੬

ਇਸ ਲਿਖਤਿ ਤੋਂ ਕੇਵਲ ਏਨਾਂ ਹੀ ਖਿਆਲ ਪੈਂਦਾ ਹੈ ਕਿ ਕਵੀ ਜੀ ਕਿਸੇ ਅਖੌਤੀ ਨੀਚ ਕੁਲਿ ਵਿੱਚ ਜਨਮੇ ਸਨ। ਕਦੋਂ ਤੇ ਕਿੱਥੇ? ਇਸ ਗੱਲ ਦਾ ਹਾਲਾਂ ਕੁਝ ਪਤਾ ਨਹੀਂ ਲਗ ਸਕਿਆ।

ਭਾਈ ਪੂਰਨ ਸਿੰਘ ਨੇ ਸੰਮਤ ੧੯੯੦ ਬਿ: ਵਿਚ 'ਸ੍ਰੀ ਅੰਮ੍ਰਿਤਸਰ ਜੀ ਦੀ ਉਸਤਤਿ' ਲਿਖੀ ਹੈ। ਉਸਦੇ ੭੩ਵੇਂ ਛੰਦ ਵਿਚ ਭਾਈ ਸੌਂਧਾ ਜੀ ਦਾ ਜ਼ਿਕਰ ਐਉਂ ਕੀਤਾ ਹੈ:-

'ਕਾਲੇ' ਵਸਦਾ ਸੌਂਧਾ ਭਾਈ। ਜਿਨ ਸਤਿਗੁਰ ਕੀ ਅਜਮਤ ਪਾਈ।
ਗੁਰ-ਚਰਨਨ ਕੀ ਧਾਰੀ ਧੀਰ। ਤਬ ਹੀ ਨਿਰਮਲ ਭਇਓ ਸਰੀਰ।
ਭੈ ਭੰਜਨ ਸਭ ਦੂਖ ਬਿਨਾਸਨ, ਦੁਰਮਤਿ ਹਮਰੀ ਕਾਟੈ ਹਰਿ ਜੀ।
'ਪੂਰਨ ਸਿੰਘ' ਤੁਮਾਰਾ ਜਸ ਗਾਵਨ, ਧਨੁ ਧਨੁ ਧਨੁ ਸ੍ਰੀ ਅੰਮ੍ਰਿਤਸਰ ਜੀ ॥੭੩

ਇਸ ਤੋਂ ਪਤਾ ਲੱਗਾ ਕਿ ਭਾਈ ਜੀ ਕਾਲੇ ਪਿੰਡ (ਜੋ ਇਸ ਵਕਤ ਖਾਲਸਾ ਕਾਲਜ ਅੰਮ੍ਰਿਤਸਰ ਲਾਗੇ ਹੈ) ਦੇ ਵਸਨੀਕ ਅਰੁ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ।

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਗੁਰ-ਪ੍ਰਣਾਲੀ

ਕ੍ਰਿਤ ਕਵਿ 'ਸੌਂਧਾ' ਜੀ

ਗੁਰ ਨਾਨਕ ਅੰਗਦ ਅਮਰ ਆਵੇ।
ਰਾਮਦਾਸੁ ਗੁਰ ਅਰਜੁਨ ਗਾਵੇ ॥ ੧ ॥
ਹਰਿਗੋਵਿੰਦ ਹਰਿ ਰਾਇ ਕ੍ਰਿਸ਼ਨ ਹਰਿ।
ਤੇਗ ਬਹਾਦੁਰ ਗੋਬਿੰਦ ਸਿੰਘ ਵਰ ॥ ੨ ॥

ਦੋਹਰਾ। ਗੁਰ ਨਾਨਕ ਪ੍ਰਿਥਮੇ ਮਹਲ, ਜਗਤਾਰਕ ਅਵਤਾਰ।
ਕਰੇ ਚਰਨ ਕੀ ਸੇਵ (ਜੋ), ਭਏ ਸਿੰਧੁ-ਭਵ ਪਾਰ ॥ ੩ ॥
ਬੇਦੀ ਕੁਲਿ ਕਾਲੂ ਪਿਤਾ, ਮਾਤਾ ਤ੍ਰਿਪਰੋ ਤਾਸ।
ਨਾਨਕ ਘੁੰਮੀ ਪੱਤਿ ਸੁਤ ਸ੍ਰੀ ਚੰਦ ਲਖਮੀਦਾਸ ॥ ੪ ॥
ਸੱਤਰ ਬਰਸ ਅਰੁ ਸਾਤ ਦਿਨੁ, ਮਾਸ ਪਾਂਚੁ ਹੈ, ਜੋਇ*।
ਕੀਯੋ ਰਾਜ ਨਾਨਕ ਗੁਰੂ, ਭਗਤਿ ਗਜ਼ਾਨ ਜੁਤ ਹੋਇ ॥ ੫ ॥
ਪੰਦ੍ਰਾਂ ਸੈ ਛਿੱਨਵੈਂ ਬਰਖ, ਸੰਮਤ ਬਿਕ੍ਰਮ ਰਾਇ।
ਦਸਮੀ ਥਿਤਿ ਅੱਸੂ ਵਦੀ, ਨਾਨਕ ਗੁਰੂ ਸਮਾਇ ॥ ੬ ॥

ਮਹਲਾ ੨

ਗੁਰੂ ਅੰਗਦ ਦੁਤੀਏ ਮਹਲ, ਭਗਤਿ ਗਿਆਨ ਕੀ ਖਾਨ।
ਕਰੇ ਚਰਨ ਕੀ ਸੇਵ ਸੋ ਲਏ ਭੋਗ ਅਰੁ ਗਜ਼ਾਨ ॥ ੭
ਕੁਲਿ ਤ੍ਰਿਹੁਣ ਫੇਰੂ ਪਿਤਾ, ਸਭਰਾਈ ਜੀ ਮਾਤ।
ਗੁਰੁ ਅੰਗਦ ਖੀਵੀ ਪਤੇ, ਦਾਸੂ ਦਾਤੂ ਤਾਤ† ॥ ੮
ਬਾਰਾਂ ਬਰਖ ਅਰੁ ਮਾਸ ਛਿਅ, ਨੌਂ ਦਿਨ ਊਪਰ ਜੋਇ।
ਕੀਯੋ ਰਾਜ ਅੰਗਦ ਗੁਰੂ, ਭਗਤਿ ਗਜ਼ਾਨ ਜੁਤ ਹੋਇ ॥ ੯
ਸੋਲਾਂ ਸੈ ਅਰੁ ਨੌਂ ਬਰਖ, ਸੰਮਤ ਬਿਕ੍ਰਮ ਰਾਇ।
ਚੇਤ ਸੁਦੀ ਥਿਤਿ ਚੌਥ ਮੈ, ਅੰਗਦ ਗੁਰੂ ਸਮਾਇ ॥੧੦

ਮਹਲਾ ੩

ਗੁਰੂ ਅਮਰ ਤ੍ਰਿਤੀਏ ਮਹਲ, ਭਗਤਿ ਜੋਗ ਕੀ ਖਾਨ।
ਚਾਰ ਪਦਾਰਥ ਅਸਟ ਸਿਧਿ, ਖਟਿ-ਬ੍ਰਣ-ਜਿਤ ਭਗਵਾਨ ॥ ੧੧

---

*ਲੱਭੋ ! ਸਮਝੋ ! †ਪੁੱਤ੍ਰ

Digitized by Panjab Digital Library | www.panjabdigilib.org

ਭੱਲੇ ਕੁਲਿ ਤੇਜੋ ਪਿਤਾ, ਮਾਤਾ ਲੱਖੋ ਮਾਤ ।
ਗੁਰੂ ਅਮਰ ਮਾਲੀ ਪਤੇ, ਮੋਹਨ ਮੋਹਰੀ ਤਾਤ ॥ ੧੨
ਬਾਈ ਬਰਖ ਅਰੁ ਮਾਸ ਪੰਚ, ਯਾਰਾਂ ਦਿਨ ਸਭ ਜੋਇ ।
ਕੀਯੋ ਰਾਜ ਸ੍ਰੀ ਅਮਰ ਗੁਰੂ, ਭਗਤਿ ਗਯਾਨ ਯੁਤ ਹੋਇ ॥ ੧੩
ਸੋਲਾਂ ਸੈ ਇਕਤੀ ਬਰਖ ਸੰਮਤ ਮੰਗਲਵਾਰਿ ।
ਪੂਨਹ ਥਿਤਿ ਭਾਦੋਂ ਸੁਦੀ, ਹਰਿ ਪੁਰਿ ਅਮਰ ਸਿਧਾਰਿ ॥ ੧੪

ਮਹਲਾ ੪

ਰਾਮਦਾਸ ਚੌਥੇ ਮਹਲ, ਭਗਤਿ ਗਿਆਨ ਕੇ ਧਾਮ ।
ਹਰਿ ਅਧੀਨ ਸਦ ਹੀ ਰਹੈ, ਸਿਮਰੇ ਹਰਿ ਹਰਿ ਨਾਮ ॥ ੧੫
ਸੋਢੀ ਕੁਲਿ ਹਰਿਦਾਸ ਪਿਤ, ਦਇਆ ਮਾਤ ਰਾਮਦਾਸ।
ਭਾਨੀ ਪਤਿ ਸੁਤ ਅਰਜੁਨੋ, ਮਹਾਂਦੇਉ ਪ੍ਰਿਥੀਆ ਸੁ ॥ ੧੬
ਯਾਰਾਂ ਮਾਸ ਅਰੁ ਬਰਖ ਛਿਅ, ਅਠਾਰਾਂ ਦਿਨ ਸੁਭ ਜੋਇ ।
ਕੀਯੋ ਰਾਜ ਰਾਮਦਾਸ ਗੁਰੁ, ਭਗਤਿ ਗਯਾਨ ਯੁਤ ਹੋਇ ॥ ੧੭
'ਸੋਲਾਂ ਸੈ ਅਠਤੀ ਬਰਖ, ਸੰਮਤ ਬਿਕ੍ਰਮ ਰਾਇ ।
ਤ੍ਰਿਤੀਆ ਥਿਤਿ ਭਾਦੋਂ ਸੁਦੀ, ਗੁਰੂ ਰਾਮਦਾਸ ਸਮਾਇ ॥ ੧੮

ਮਹਲਾ ੫

ਗੁਰੁ ਅਰਜੁਨ ਪੰਜਵੇਂ ਮਹਲ, ਜਗ ਤਾਰਕ ਅਵਤਾਰ* ।
ਹਰਿ ਅਧੀਨ ਸਦ ਹੀ ਰਹੈ, ਸਗਲ ਬਾਸਨਾ ਜਾਇ ॥ ੧੯
ਸੋਢੀ ਕੁਲਿ ਰਾਮਦਾਸ ਪਿਤ, ਬੀਬੀ ਭਾਨੀ ਮਾਤ ।
ਗੁਰੁ ਅਰਜੁਨ ਵਯਸੀ ਪਤੇ, ਗੁਰ ਹਰਿ ਗੁਵਿੰਦ ਗੁਰੂ ਤਾਤ ॥ ੨੦
ਚਵੀ ਬਰਖ ਅਰੁ ਮਾਸ ਨੌਂ, ਇਕ ਦਿਨ ਉਪਰ ਜੋਇ ।
ਕੀਯੋ ਰਾਜ ਅਰਜੁਨ ਗੁਰੂ, ਭਗਤਿ ਗਿਆਨ ਯੁਤ ਹੋਇ ॥ ੨੧
ਸੋਲਾਂ ਸੈ ਤੇਹਠ ਬਰਖ ਸੰਮਤ ਸੁੱਕਰਵਾਰ ।
†ਚੇਤ ਸੁਦੀ ਥਿਤਿ ਚੌਥ ਮੈ, ਗੁਰੂ ਅਰਜੁਨ ਦੇਉ ਸਿਧਾਰਿ ॥ ੨੨

ਮਹਲਾ ੬

ਦੋਹਰਾ। ਹਰਿ ਗੁਬਿੰਦ ਛੀਵੇਂ ਮਹਲ, ਬਹੁ ਸੁੰਦਰ ਤੁਮ ਰੂਪ।
ਗੁਰ ਬਿਅੰਤ ਬਾਂਕੀ ਛਬੈ, ਰਵਿ ਸਮ ਤੇਜ ਅਨੂਪ ॥ ੨੩

---

*'ਹਰਿ ਰਾਇ' ਪਾਠ ਹੋਵੇ ਤਾਂ ਤੁਕਾਂਤ ਭੀ ਦਰੁਸਤ ਹੋ ਜਾਂਦਾ ਹੈ ।
†'ਚੇਤ' ਨਹੀਂ, 'ਜੇਠ' ਸਹੀ ਹੈ ।

Digitized by Panjab Digital Library | www.panjabdigilib.org

*ਸੋਢੀ ਗੁਰੁ ਅਰਜੁਨ ਪਿਤਾ, ਵਸੀਮਾਤ ਹਰਿ ਗੁਵਿੰਦ ਪਤਿ।
ਨਾਨਕੀ ਗੁਰ ਗੁਨ ਸਾਗਰ ਪੰਚੰ ਤਟ ਤਾਤ ॥ ੨੪
ਚੌਪਈ। ਪ੍ਰਥਮੇ ਸ੍ਰੀ ਗੁਰੁ ਤੇਗ ਬਹਾਦੁਰ। ਬਾਬਾ ਗੁਰਦਿੱਤਾ ਗੁਣ ਸਾਗਰ।
ਅਣੀ ਰਾਇ ਅਟਲਰਾਇ ਸੁਧੀਰ। ਸੂਰਤ ਸਿੰਘ ਪੰਚ ਮਹਾਂ ਬੀਰ॥੨੫
ਦੋਹਰਾ। ਇਕਤੀ ਬਰਖ ਅਰੁ ਮਾਸ ਦਸ, ਛਿਅ ਦਿਨ ਊਪਰ ਜੋਇ।
ਹਰਿ ਗੁਬਿੰਦ ਗੁਰੁ ਰਾਜ ਕਿਯ, ਭਗਤਿ ਗਿਆਨ ਯੁਤ ਹੋਇ॥੨੬
†ਸੋਲਾ ਸੈ ਪੰਚਾਨਵੈਂ, ਸੰਮਤ ਬਿਕ੍ਰਮ ਰਾਇ।
ਦਸਮੀ ਥਿਤਿ ਚੇਤਰ ਸੁਦੀ, ਗੁਰ ਹਰਿਗੁਵਿੰਦ ਸਮਾਇ॥ ੨੭

ਮਹਲਾ ੭

ਦੋਹਰਾ। ਗੁਰੁ ਹਰਿ ਰਾਇ ਸਤਵੇਂ ਮਹਲ. ਕਰਤਾ ਪੁਰਖੁ ਅਨੰਤ।
ਤਨ ਮਨ ਸੋਂ ਚਰਨਨ ਭਜੈ, ਕਹੈ ਭਗਤ ਗੁਰਮੰਤ ॥ ੨੮
ਬਾਬਾ ਗੁਰਦਿੱਤਾ ਪਿਤਾ, ਰਾਜ ਕੌਰ ਜੀ ਮਾਤ।
ਹਰਿ ਰਾਇ ਸੁਲਖਣੀ ਕੇ ਪਤੇ, ਹਰਿ ਕ੍ਰਿਸ਼ਨ ਰਾਮਰਾਇ ਤਾਤ॥੨੯
ਤੇਈ ਬਰਖ ਅਰੁ ਮਾਸ ਛਿਅ, ਚੌਦਹ ਦਿਨ ਸਭ ਜੋਇ।
ਕੀਯੋ ਰਾਜ ਹਰਿਰਾਇ ਗੁਰੁ, ਭਗਤਿ ਜੋਗ ਜੁਤ ਹੋਇ॥ ੩੦
ਸਤਾਰਾਂ ਸੈ ਅਠਾਰਾਂ ਬਰਖ, ਸੰਮਤ ਰਵਿਦਿਨ‡ ਆਇ।
ਨਉਮੀ ਥਿਤਿ ਕੱਤਿਕ ਵਦੀ, ਗੁਰੂ ਹਰਿ ਰਾਇ ਸਮਾਇ॥ ੩੧

ਮਹਲਾ ੮

ਗੁਰੂ ਹਰਿ ਕ੍ਰਿਸ਼ਨ ਅਠਵੇਂ ਮਹਲ, ਹਰਿ ਸਮ ਸੁੰਦਰ ਰੂਪ।
ਸਭੇ ਪੁੰਨ ਅਸੰਸ{} ਵੈ, ਰਵਿ ਸਮ ਤੇਜ ਅਨੂਪ ॥ ੩੨
ਸੋਢੀ ਗੁਰੁ ਹਰਿ ਰਾਇ ਜੀ ਪਿਤਾ ਸੁਲੱਖਣੀ ਮਾਤ।
ਕ੍ਰਿਸ਼ਨ ਰੂਪ ਹਰਿ ਕ੍ਰਿਸ਼ਨ ਗੁਰੁ, ਜਪੇ ਤਾਸੁ ਦਿਨੁ ਰਾਤ॥ ੩੩

---

*ਇਹ ਦੋਹਰਾ ਉਤਾਰਾ ਕਰਨਹਾਰੇ ਪਾਸੋਂ ਗਲਤ ਲਿਖਿਆ ਗਿਆ ਜਾਪਦਾ ਹੈ। ਸ਼ਾਇਦ ਇਸ ਤਰ੍ਹਾਂ ਹੋਵੇ:—

ਸੋਢੀ ਗੁਰੁ ਅਰਜੁਨ ਪਿਤਾ, ਵਜਸੀ ਜਾਨੁ ਗੁਰ-ਮਾਤ।
ਹਰਿਗੁਵਿੰਦ ਨਾਨਕਿਪਤੇ, ਗੁਨ ਸਾਗਰ ਪੰਚ ਤਾਤ॥ ੨੪

†ਇਹ ਸੰਮਤ ਤੇ ਥਿਤਿ ਆਦਿ ਬਾਬਾ ਗੁਰਦਿੱਤਾ ਜੀ ਦੇ ਚਲਾਣੇ ਦੇ ਹਨ। ਲਿਖਾਰੀ ਨੂੰ ਭੁਲੇਖਾ ਲੱਗਾ ਹੈ। ਸਤਿਗੁਰੂ ਚੇਤ੍ਰ ਸੁਦੀ ੫ ਸੰਮਤ ੧੭੦੧ ਨੂੰ ਜੋਤੀ ਜੋਤਿ ਸਮਾਏ ਹਨ।

‡ਐਤਵਾਰ। {}ਸੰਸੇ ਬਿਨਾਂ, ਬੇਸ਼ਕ।

Digitized by Panjab Digital Library | www.panjabdigilib.org

ਬਰਖ ਦੋਇ ਅਰੁ ਮਾਸ ਪਾਂਚ, ਉੱਨੀ ਦਿਨ ਸੁਭ ਜੋਇ।
ਕੀਯੋ ਰਾਜ ਹਰਿ ਕ੍ਰਿਸ਼ਨ ਗੁਰੂ, ਬਾਲ ਅਵਸਤਾ ਹੋਇ॥ ੩੪
ਸਤਾਰਾਂ ਸੈ ਇੱਕੀ ਬਰਖ ਸੰਮਤ ਸੁੱਕਰਵਾਰ।
ਚੌਦੇਂ ਥਿਤਿ ਚੇਤਰ ਸੁਦੀ, ਪੁਨਿ ਹਰਿ ਕ੍ਰਿਸ਼ਨ ਸਿਧਾਰਿ॥ ੩੫

ਮਹਲਾ ੯

ਦੋਹਰਾ। ਤੇਗ ਬਹਾਦੁਰ ਮਹਲ ਨੂ, ਸਗਲ ਧਰਮ ਅਵਤਾਰ।
ਭਗਤਿ ਗਿਆਨ ਪੁਨਿ ਸ਼ਬਦ ਕਰਿ, ਜਿੱਤ ਲੰਘਾਏ ਪਾਰ॥ ੩੬
ਸੋਢੀ ਹਰਿਗੋਵਿੰਦ ਪਿਤ, (ਸ੍ਰੀ) ਨਾਨਕੀ ਮਾਤ।
ਤੇਗ ਬਹਾਦੁਰ ਗੁਜਰੀ ਪਤੇ, ਹਰਿਗੁਬਿੰਦ ਸਿੰਘ ਤਾਤ॥ ੩੭
*ਸਮ ਮਾਸ ਅਰੁ ਬਰਖ ਦਸ, ਇਕ ਦਿਨ ਸੁਭ ਸਭ ਜੋਇ।
ਤੇਗ ਬਹਾਦੁਰ ਰਾਜ ਕੀਯੁ, ਭਗਤਿ ਜੋਗ ਯੁਤ ਹੋਇ॥ ੩੮
ਸਤਾਰਾਂ ਸੈ ਬੱਤੀ ਬਰਖ ਸੰਮਤਿ ਵੀਰਵਾਰ ਕੋ ਨਾਇ।
ਮੱਘਰ ਸ਼ੁਦਿ ਥਿਤਿ ਪੰਚਮੀ, ਤੇਗ ਬਹਾਦੁਰ ਗੁਰੂ ਸਮਾਇ॥ ੩੯

ਮਹਲਾ ੧੦

ਦੋਹਰਾ। ਗੋਬਿੰਦ ਸਿੰਘ ਦਸਵੇਂ ਮਹਲ, ਜਗ ਤਾਰਕ ਅਵਤਾਰ।
ਕੀਨੋ ਨਾਮ ਗੋਬਿੰਦ ਲੈ, ਭਏ ਜੰਤ ਬਹੁ ਪਾਰ॥ ੪੦
ਤੇਗ ਬਹਾਦੁਰ ਗੁਰੂ ਪਿਤਾ, ਗੁਜਰੀ ਮਾਤ ਅਨੰਤ।
ਜੀਤੋ ਜੀ ਅਰੁ ਸਾਹਿਬ ਦਈ, ਸੁੰਦਰੀ ਪਤਿ ਗੋਬਿੰਦ ਸਿੰਘ॥ ੪੧
ਜੁਝਾਰ ਸਿੰਘ ਅਰੁ ਫਤੇ ਸਿੰਘ, ਜੋਰਾਵਰ ਸਿੰਘ ਨਾਮ।
ਅਜੀਤ ਸਿੰਘ ਸੁਤ ਚ੍ਯਾਰ ਏ, ਗੋਬਿੰਦ ਸਿੰਘ ਕੇ ਜਾਨ॥ ੪੨
ਬੱਤੀ ਬਰਖ ਅਰ ਮਾਸ ਪੁਨਿ, ਯਾਰਾਂ ਦਿਨ ਸੁਭ ਜੋਇ।
ਕੀਯੋ ਰਾਜ ਗੋਬਿੰਦ ਸਿੰਘ, ਰਾਜ ਜੋਗ ਯੁਤ ਹੋਇ॥ ੪੩
ਸਤਾਰਾਂ ਸੈ ਪੈਂਹਠ ਸੰਮਤ ਵੀਰਵਾਰ ਕੋ ਨਾਇ।
ਕਤਿਕ ਸੁਦੀ ਸੁ ਪੰਚਮੀ, ਗੋਬਿੰਦ ਸਿੰਘ ਸਮਾਇ॥ ੪੪

ਚੌਪਈ। ਸ੍ਰੀ ਗੁਰੂ ਨਾਨਕ ਦਸ ਅਵਤਾਰਾ।
ਭਗਤ ਰੂਪ ਹਰਿ ਜੀ ਵਿਹੁ ਧਾਰਾ।
ਹਰਿ ਕੇ ਰੂਪ ਜਨ ਸੱਭ ਧਿਆਵੈ।
ਸੋ ਨਰ ਮੁਕਤਿ ਬੇਗ ਹੀ ਪਾਵੈ॥ ੪੫

1765 / 1708 / 32-2-11

---

*ਮਹੀਨੇ ਤੇ ਬਰਸ ਇਕੋ ਜਿੰਨੇ, ਯਾਨੀ ਦਸ ਸਾਲ ਤੇ ਦਸ ਹੀ ਮਹੀਨੇ।

1675 / 32

Digitized by Panjab Digital Library | www.panjabdigilib.org

ਦੋਹਰਾ। ਸਦਾ ਸੁਖੀ ਤੁਮ ਰਹੋਗੇ, ਸੁਨੀਜੈ ਮੀਤ ਸੁਜਾਨ।
ਨਾਮ ਦਾਨ ਇਸਨਾਨ ਮੈ, ਕਰਨੀ ਪ੍ਰੀਤਿ ਪ੍ਰਾਨ ॥ ੪੬

ਦੋਹਰਾ। ਵਾਸੀ ਸਭ ਸ੍ਰੀ ਖਾਲਸਾ ਆਨੰਦਪੁਰਿ ਸਿਰਮੌਰ।
ਦੂਜਾ ਸਿੰਧੁ ਸ੍ਰੀ ਸਤਿਗੁਰੂ, ਬਸਤ ਸਦਾ ਤਿਹ ਠੌਰ ॥ ੧

ਸ੍ਵੈਯਾ। ਵਾਸੀ ਲਹੌਰ ਦਇਆ ਸਿੰਘ ਸੋਪਤੀ,
ਛੱਤ੍ਰਿ ਸੁ ਬੰਸ ਬਿਖੈ ਅਵਤਾਰੀ।
ਸਾਹਿਬ ਸਿੰਘ ਪੁਰੀ ਦਿਸ ਦੱਛਨ,
ਸੈਨ ਅਵਤਾਰ ਕਹੈਂ ਮਤਿਸਾਰੀ।
ਹਿੰਮਤ ਸਿੰਘ ਪੁਰੀ ਜਗਨਾਥ ਸੁ,
ਪੂਰਬ ਬੱਧਕ ਹੈ ਮਤਿਧਾਰੀ।
ਧੰਨ ਸੁ ਬੰਸ ਅਵਤਾਰ ਕਹੈਂ ਤਹ,
ਧਰਮ ਸੁ ਸਿੰਘ ਮਹਾਂ ਸੁਭ ਕਾਰੀ ॥ ੨

ਦੋਹਰਾ। ਪੰਚਮ ਮੁਹਕਮ ਸਿੰਘ ਜੀ, ਨਾਮਦੇਵ ਅਵਤਾਰ।
ਆਦਿ ਰੂਪ ਸ੍ਰੀ ਖਾਲਸਾ, ਜਾਨਤ ਜਨ ਮਤਿਸਾਰ ॥ ੩
ਦੇਵਾ ਸਿੰਘ ਪੁਨਿ ਰਾਮ ਸਿੰਘ, ਟਹਲ ਸਿੰਘ ਮਤਿਧੀਰ।
ਈਸਰ ਸਿੰਘ ਵਰ ਫਤੇ ਸਿੰਘ, ਏ ਮੁਕਤੇ ਬਲਬੀਰ ॥ ੪

ਸ੍ਵੈਯਾ। ਰਾਵੀ ਸਮੀਪ, ਖਡੂਰ ਵਿਖੈ ਪੁਨਿ;
ਗੋਇੰਦਿਵਾਲੁ ਮੈ ਚੀਨ ਕੈ ਲੀਜੈ।
ਸੋਮ-ਸਰੋਵਰਿ, ਏਕ ਲਹੌਰ ਮੈ,
ਕੀਰਿਤ ਜੂ ਪੈ ਦੋਇ ਸੁਨੀਜੈ।
ਦੁਇ ਪੁਰਿ ਦਿੱਲੀ ਕੇ ਮੱਧ ਬਨੇ,
ਪੁਰਿ ਆਨੰਦਿ ਤਾਹੀ ਤੇ ਆਨ ਧਰੀਜੈ।
ਏਕ ਨਦੇਰ ਬਿਖੈ ਦਿਸ ਦੱਛਨਿ,
ਏ ਦਸ ਦੇਹਰੇ ਜਾਨਿ ਸੁ ਲੀਜੈ ॥ ੫

ਸ੍ਵੈਯਾ। ਅਚੁਤ ਆਦਿ ਅਨੰਤ ਅਨੰਤੂ
ਖੋਜਤ ਹੈਂ ਜਿਹ ਕੋ ਨਰ ਨਾਰੀ*।
ਸਾਤ ਅਕਾਸ ਪਤਾਲਨ ਭੀਤਰ,
ਰਾਜਤ ਹੈ ਜਿਹ ਕੀ ਪ੍ਰਭਤਾਈ।
ਰਾਜਨ-ਇੰਦ੍ਰ ਗੋਬਿੰਦ ਰਣਾਚਲ

---

*'ਨਰ ਨਾਹੀ' ਯਾ 'ਨਰ ਨਾਈ' ਯਾ 'ਨਰ ਰਾਈ' ਪਾਠ ਹੋਵੇ ਤਾਂ ਤੁਕਾਂਤ ਅਰੁ ਅਰਥ (ਮਨੁੱਖਾਂ ਦੇ ਮੁਖੀਏ) ਸਹੀ ਬਣਦੇ ਹਨ।

Digitized by Panjab Digital Library | www.panjabdigilib.org

ਸ਼ਾਹਨਸ਼ਾਹ ਪ੍ਰਭੂ ਸੁਖਦਾਈ ।
ਸ੍ਰੀਮੁਖ ਸੋ ਕਛੁ ਬੋਲਤ ਜੂ,
"ਮੁਹਿ ਅੰਮ੍ਰਿਤੁ ਦੇਹੁ ਸਭੈ ਤੁਮ ਭਾਈ!!" ੬

ਸ੍ਵੈਯਾ । ਨੀਚ ਹੂ ਜੰਤਨ ਕੇ ਹਮ ਬਾਰਕ
ਤੈਂ ਕਰਣੀ ਕਰਕੈ ਸੋ ਨਿਵਾਜੇ ।
ਕੰਚਨ ਭਏ ਸੁ ਮਨੂਰਹੁੰ ਤੇ,
ਜਮ ਆਦਿਕ ਤੇ ਸਭ ਹੀ ਡਰ ਭਾਜੇ ।
ਊਚ ਭਏ ਸਭ ਹੀਂ ਜਗ ਮੈ,
ਕਰ ਆਯੁਧ ਲੈ ਬਸੁਧਾ ਮਧ ਗਾਜੇ ।
ਤੋ ਪਦ ਪੰਕਜ ਕੇ ਬਲ ਤੇ,
ਪ੍ਰਭੁ ! ਜੰਤ ਭਏ ਖੰਡ-ਭਾਰਥ ਰਾਜੇ ॥ ੭

ਸ੍ਵੈਯਾ । ਸੇਸ ਸੁਰੇਸ ਦਿਜੇਸ ਪਸੇਸ ਸੇ,
ਖੋਜਤ ਹੈਂ ਜਿਹ ਕੋ ਅਬ ਤੋਰੀ ।
ਸਿੱਧ ਮੁਨੀ ਮੁਨਿ ਨਾਰਦ ਸੇ,
ਜਿਹ ਚਾਹਤ ਹੈਂ ਬਰ ਲਾਖ ਕਰੋਰੀ ।
ਕਿੰਨਰ ਜੱਛ ਗੰਧ੍ਰਬ ਧਰਾਧਰ,
ਸੇਵਤ ਹੈਂ ਜਿਹ ਕੋ ਨਿਸ ਭੋਰੀ ।
ਸੋ ਗੁਰ ਪੂਰਨ ਅੰਮ੍ਰਿਤ ਮਾਂਗਤ,
ਖਾਲਸੇ ਅਗਰ ਖਰੋ ਕਰ ਜੋਰੀ ॥ ੮

ਸ੍ਵੈਯਾ । ਛੀਰ ਸਮੁੰਦਰ ਸਦਾ ਗੁਰ ਪੂਰਨ,
ਲਾਲ ਰਤੰਨ ਭਰੇ ਜਿਹ ਮਾਂਹੀ ।
ਅੰਮ੍ਰਿਤੁ ਧੇਨੁ ਸਸੀ ਤਰੁ ਕੋਟਿਕ
ਕੌਨ ਗਨੈ ਗਨਤੀ ਕਛੁ ਨਾਹੀਂ ।
ਰਿੱਧਿ ਸੁ ਸਿੱਧਿ ਪਦਾਰਥ ਕੋਟ
ਬਸੈਂ ਜਿਹ ਪਗ ਕੀ ਰਜ-ਛਾਂਹੀ ।
ਸੋ ਗੁਰ ਪੂਰਨ ਅੰਮ੍ਰਿਤੁ ਮਾਂਗਤ,
ਕੌਤਕ ਸੰਤ ਲਖੇ ਮਨ ਮਾਂਹੀ ॥ ੯

—o—

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਅਬ ਗੁਰ-ਪ੍ਰਨਾਲੀ ਲਿਖਯਤੇ ॥

(ਕਵਿ ਗੁਲਾਬ ਸਿੰਘ ਕ੍ਰਿਤ)

ਦੋਹਾ। ਗਣਪਤਿ ਗੁਰਿਨਾਨਕਗਿਰਾ; ਰਾਮਨਾਮ ਹਨੁਮਾਨ ।
ਨਮੋ ਗੁਲਾਬ ਮ੍ਰਿਗਿੰਦ ਕੀ, ਪਦਪੰਕਜ ਪੈ ਠਾਨ ॥ ੧

ਤ੍ਰਿਭੰਗੀ ਛੰਦ। ਬਿਧਿ ਗਣਪਤਿ ਧਯਾਵੈਂ ਨਿਸਦਿਨ ਗਾਵੈਂ,
ਅਘਨ ਨਸਾਵੈਂ, ਦੁਖਹਰਨੰ ।
ਦੁਖ-ਗਿਰਿ ਕੋ ਅਸਿਨੀ, ਸੁੰਦਰ ਲਸਿਨੀ,
ਅਘ ਕੀ ਨਸਿਨੀ, ਸਦ ਸਰਨੰ ।
ਭਵ-ਜਨਮ ਨਿਕੰਦਨ, ਕਾਟੈਂ ਫੰਧਨ,
ਸੀਤਲ ਚੰਦਨ ਜਯੋਂ ਬਰਨੰ ।
ਗੁਰ ਨਾਨਕ ਚਰਨਨ, ਦੁਖ-ਦਲ ਦਰਨੰਨ,
ਭਵਜਲ ਤਰਨਨ, ਨਤੁ ਕਰਨੰ ॥ ੨

ਅਬ ਬੇਦੀ ਬੰਸ ਕੀ ਆਦਿ ਉਤਿਪਤੀ ਕਥਨੰ

ਸਵੈਯਾ। ਸੂਰਜ-ਨੰਦਨ - ਸ੍ਵਯੰਭੁ ਮਨੂ,
ਉਪਜਯੋ ਛਿਕ ਤੇ ਇਖ੍ਵਾਕਿ ਹੂੰ ਜਾਨੋ !
ਆਗੇ ਵਿਕੁਛਿ ਹੂੰ ਨੰਦ ਭਯੋ,
ਅਰੁ ਆਗੇ ਸਸਾਦ ਸੁ ਪੂਤ ਪਛਾਨੋ !
ਯਾਹੀ ਸਸਾਦ ਕੋ ਦੂਸਰੋ ਨਾਮ,
ਪੁਰੰਜਹਿ ਇੰਦ੍ਵਾਹ ਏ ਜਾਨੋ !
ਨਾਮ ਕਕੁਸਥ ਹੂੰ ਤੀਸਰੋ ਔਰ ਹੈ,
ਤੀਨ ਹੂੰ ਨਾਮ ਅਰਾਮ ਕੇ ਮਾਨੋ !! ੩

ਕਬਿੱਤੁ। ਤਾਹੀ ਤੇ ਅਨੇਕ ਨਾਮ ਤਾਤ ਭਯੋ ਭਲੀ ਭਾਂਤਿ,
ਤਿਸ ਆਦਿ ਅਠ-ਦਸ, ਜਾਨੋ ਪਾਛੇ ਪ੍ਰਾਨੀਐ ।
ਉਨੀਸਵੀਂ ਠੌਰ ਉਪਜਯੋ ਹੈ ਮਾਂਧਾਤਾ ਨਾਮ,
ਇਸੀ ਹੀ ਤੇ ਸਾਤੇ-ਠੌਰ, ਸਤਿਬ੍ਰਤਿ ਆਨੀਐ ।
ਇਸੀ ਕੇ ਤ੍ਰਿਸੰਕੂ ਕਹੈਂ, ਤਾਕੋ ਹਰੀਚੰਦ ਭਯੋ;
ਇਸ ਤੇ ਆਠਵੀਂ ਠੌਰ ਸਗਰ ਹੂੰ ਜਾਨੀਐ ।

Digitized by Panjab Digital Library | www.panjabdigilib.org

ਚੌਥੀ ਠੌਰ ਇਸ ਹੂੰ ਤੇ ਉਪਜਯੋ ਦਿਲੀਪ ਨਾਮ;
ਯਾਕੇ ਆਗੇ ਨ੍ਰਿਪਤਿ ਭਗੀਰਥ ਹੂੰ ਮਾਨੀਐ ॥੪

ਕਬਿੱਤੁ। ਇਸ ਤੇ ਸੋਲ੍ਹਵੀਂ ਠੌਰ ਰਘੁ ਨਾਮ ਰਾਜਾ ਭਯੋ;
ਆਗੇ ਭਯੋ ਪ੍ਰਥਸ੍ਰਿਵ ਆਗੇ ਅਜ ਆਨੀਐ।
ਆਗੇ ਦਸਰਥ ਜਾਨ, ਜਾਕੋ ਰਾਮ ਸੁਤ ਭਯੋ;
ਆਗੇ ਕੁਸੁ ਨਾਮ, ਆਗੇ ਅਤਿਥ ਪਛਾਨੀਐ।
ਇਸ ਹੂੰ ਤੇ ਆਦਿ ਸਾਤੈ ਠੌਰ ਹੂੰ ਅਹੀਨ ਨਾਮ;
ਇਹੁ ਪਾਰਜਾਤ ਪੁੱਤ੍ਰ ਹੂੰ ਕੋ ਰਾਜ ਠਾਨੀਐ।
ਰਾਜ ਸਾਜ ਬਾਪ ਆਪ, ਬਨ ਕੋ ਗਮਨ ਕੀਓ;
ਸ਼ਮਨ ਸੰਤਾਪ ਪਾਪ, ਜਾਪ ਜਿਯ ਜ਼ਾਨੀਐ ॥੫

ਕਬਿੱਤੁ। ਲਵ ਕੀ ਸੰਤਾਨ ਬਿਖੈ, ਹੰਸਕੇਤੁ ਨਾਮ ਰਾਜਾ;
ਤਾਕੇ ਸੰਗ ਜੰਗ ਇਸ ਹੂੰ ਕਾ ਭਯੋ ਭਾਰੀ ਹੈ।
ਛੀਵੀਂ ਥਾਂਇ ਇਸ ਹੂੰ ਤੇ ਕੰਚਨਨਾਭਿ ਹੂੰ ਭਯੋ;
ਇਸ ਹੀ ਤੇਂ ਆਦਿ ਸੁਨੋ ਲਗੈ ਬਾਤ ਪਯਾਰੀ ਹੈ।
ਤ੍ਰੇਤਾ ਕੇ ਅੰਤ ਮੈ, ਕੁਸੀ ਲਵੀਆਂ ਤੇ ਹਾਰ ਕਰ;
ਕਾਸ਼ੀ ਜਾ ਬਸੇ ਹੈਂ ਬੇਦ ਪੜ੍ਹਨ ਬਿਚਾਰੀ ਹੈ।
ਬੇਦਨ ਪਠਨ ਕਰਿ, 'ਬੇਦੀ' ਸੰਗਯਾ ਪਾਵਤੇ ਭੇ;
ਪਾਪ-ਬਨ ਚੀਰਬੇ ਕੋ ਕਥਾ ਕਹੀ ਆਗੀ ਹੈ ॥੬

ਕਬਿੱਤੁ। ਬਯਾਸ-ਦਾਸ ਜੇਮਨਿ ਜੀ, ਤਾਸੋ ਪੜ੍ਹਿ ਬੇਦ ਆਏ;
ਕੰਚਨ ਸੁ ਨਾਭਿ ਜੀ ਹੂੰ, ਪ੍ਰੀਤਿ ਕੇ ਪ੍ਰਕਾਰ ਸੋਂ।
ਪਾਛੇ ਚਾਰ ਲਾਖ, ਚਾਲੀ ਚਾਰ ਹੂੰ ਸਹਸ ਸਾਲ;
ਜਬਹੀਂ ਬਿਤੀਤ ਭਯੋ ਦ੍ਵਾਪਰ ਅਚਾਰ ਸੋਂ।
ਤਬ ਹੀ ਸੰਤਾਨ ਲਵੀਆਂ ਕੀ ਬਿਖੈ ਹੂੰ ਤੇ ਜਾਨੋ,
ਜੋ ਰੁਕ ਹੂੰ ਨਾਮ ਨ੍ਰਿਪ ਰਾਜ-ਸਾਜ ਭਾਰ ਸੋਂ।
ਤਿਸਹੂੰ ਨੇ ਨਰਕੇਤੁ ਜਗਤਸੁਰ ਹੂੰ ਨਾਮ,
ਬੇਦੀਓਂ ਕੋ ਕਾਂਸ਼ੀ ਤੇ ਬੁਲਾਯੋ ਹੈ ਬਿਚਾਰ ਸੋਂ ॥੭

ਕਬਿੱਤੁ। ਮੱਦ੍ਰ ਦੇਸ ਜੋ ਰੁਕ ਕੀ ਰਾਜਧਾਨੀ ਥੀ ਹੀ ਤਹਾਂ
ਆਏ, ਰੁਕ ਹੂੰ ਨੇ ਬੇਦ ਸੁਣੇ ਹੈਂ ਸੁਜਾਨ ਸੋਂ।
ਬੇਦੀਓਂ ਕੋ ਰਾਜਰੀਤਿ ਪ੍ਰੀਤਿ ਸੋਂ ਜਮੀਤ ਕਰਿ,
ਪਾਛੇ ਕਰਕੈ ਬਿਚਾਰ ਕੀਓ ਬਨ ਪਯਾਨ ਸੋਂ।
ਸਹਸ ਬਵੰਜਾ ਸਾਲ ਦ੍ਵਾਪੁਰ ਰਹਯੋ ਥੋ ਜਬ,

Digitized by Panjab Digital Library | www.panjabdigilib.org

ਤਬ ਨਾਮ ਅਮਰਕੇਤੁ ਲਵੀ ਨੇ ਗੁਮਾਨ ਸੋਂ ।
ਕੁਸੁ ਕੀ ਸੰਤਾਨ ਫਿਰ ਜੁੱਧ ਮਾਹਿ ਜੀਤ ਕਰ,
ਰਾਜ ਛੀਨ ਲੀਓ, ਕਰੇ ਦੀਨੋਂ ਕੀ ਦਸਾਨ ਸੋਂ ॥ ੮

ਕਬਿੱਤੁ। ਬੀਸ ਗਾਂਵ ਬੇਦੀਓਂ ਕੇ ਪਾਸ ਰਹਿ ਗਏ ਤਬ,
ਤਿਸ ਮੈ ਅੰਭੋਜ ਨਾਮ ਬੇਦੀ ਰਹੈ ਚਾਵ ਸੈਂ ।
ਤਿਸਕੀ ਨਰੋਤਮ ਸੋਂ ਪੀੜ੍ਹੀ ਦਰ ਪੀੜ੍ਹੀ ਚਲੀ,
ਤੋਮ ਤਨਧਾਰੀ ਭਏ ਸੁਖ ਕੇ ਬਸਾਵ, ਸੈਂ ।
ਦ੍ਵਾਪੁਰ ਕੇ ਇਕਤਾਲੀ ਸੌ ਬਰਸ ਰਹਿਤੇ ਥੇ ਤਬ,
ਤਬ ਕਛੁ ਬੇਦੀਆਂ ਕੀ ਭੂਮੀ ਭੀ ਨਸਾਵ ਸੇਂ ।
ਬੇਦੀ ਦੁਰਦੁਮਨ ਨਾਮ ਰਾਜੇ ਹੂੰ ਜੁਧਿੱਸ੍ਰ ਕੇ,
ਰਹਿਤੋ ਸਮੀਪ ਦਾਸ ਖਾਸ ਹੂੰ ਬਨਾਵਸੈਂ ॥ ੯

ਕਬਿੱਤੁ। ਸੰਤਾਨ ਦਰ ਸੰਤਾਨ ਪਾਛੇ ਚਲੀ ਆਵਤੀ ਭੀ,
ਅੰਬਰਮਨਿ ਨਾਮ ਬੇਦੀ ਬਡੋ ਧਰਮੱਗ ਭੋ ।
ਉਸ ਕੀ ਸੰਤਾਨ ਮਾਹਿ ਨਾਥਜੀ ਹੂੰ ਨਾਮ ਭਯੋ,
ਤਾਂਤੇ ਪਾਂਚ ਪੁੱਤ੍ਰ ਭਏ ਜੱਗ ਸਰਬੱਗ ਭੋ ।
ਮੱਧਜ ਪੁੱਤ੍ਰ ਹੂੰ ਕੋ ਨਾਮ ਸੰਭੁ ਥਾ ਜੁ ਦੰਭ ਬਿਨੁ,
ਤਾਂਤੇ ਚਤੁਰਸਾਲ ਲੋਪਾ ਆਦਿਕ ਅਲੱਗ ਭੋ ।
ਸੰਗਯਾਵਾਨ ਤਨ ਭਏ, ਮਨ ਮੈ ਵਿਚਾਰ ਧਾਰਿ,
ਐਸੇ ਚਲੀ ਆਈ ਕੁਲ ਜਸ ਸਾਥ ਪੱਗ ਭੋ ॥ ੧੦
ਤਿਨਹੂੰ ਤੇ ਪ੍ਰਜਾਪਤਿ ਹੂੰ ਕੀ ਭਈ ਉਤਪੱਤਿ,
ਰਾਮਨਾਰਾਯਣ ਹੂੰ ਨਾਮ ਪੋਤ੍ਰਾ ਜਾਨੀਐ ।
ਤਾਕੇ ਭਏ ਦੋਇ ਸੁਤ, ਬਿਕ੍ਰਮਾ ਹੂੰ ਜੀਤੀ ਬਿਖੇ,
ਚੌਦਾ ਸੌ ਪੰਝੱਤ੍ਰ ਹੂੰ ਸੰਮਤ ਪ੍ਰਮਾਨੀਐ ।
ਏਕ ਸ਼ਿਵਰਾਮ, ਦੂਜੋ ਸਾਨਪਾਤਿ ਨਾਮ ਭਏ,
ਲੋਕ ਤੀਨ ਨਾਮਨ ਕੋ, ਔਰ ਮੁਖੋ ਗਾਨੀਐ ।
ਸਾਨਪਾਤ 'ਸਾਹਨ' ਹੂੰ, ਪ੍ਰਜਾਪਤਿ ਹੂੰ ਕੋ 'ਪੰਜੂ',
ਰਾਮ ਨਾਰਾਇਣ ਕੋ 'ਰਾਮੂ' ਕਹਿ ਮਾਨੀਐ ॥ ੧੧
ਚੌਦਾਂ ਸੈ ਅਠਾਸੀਏ ਮੈ, ਸਾਨਪਾਤ ਬਜਾਹ ਭਯੋ,
ਬਨਤਾ ਬਨਾਰਸੀ ਹੂੰ ਆਈ ਅਭਿਰਾਮ ਸੋਂ ।
ਚੌਦਾਂ ਸੌ ਸਤਾਨਵੇਂ ਔ ਕਾਤਿਕ ਕੇ ਮਾਸ ਮਾਹਿ,
ਇਨ ਦੋਨੋਂ ਹੂੰ ਤੇ ਕਹੋਂ ਜੋਊ ਭਏ ਨਾਮ ਸੋਂ ।

Digitized by Panjab Digital Library | www.panjabdigilib.org

੨੨.

ਕਲਜਾਨ ਚੰਦ ਜੀ ਜੋ ਕਾਲੂ ਕਰਿਕੈ ਪ੍ਰਸਿੱਧ,
ਪੰਦਰਾ ਸੈ ਸੰਮਤ ਮੈ ਭਏ ਸੁਖਧਾਮ ਸੇਂ।
ਲਾਲਚੰਦ ਜੀ ਹੂੰ ਲਾਲੂ ਕਰਿ ਬਿਖਜਾਤ ਜੋ ਹੈ,
ਉਤਪਤਿ ਭਏ ਸੋਊ ਜਾਂਕੇ ਕਾਂਮ ਰਾਮ ਸੋਂ॥ ੧੨

ਕਬਿੱਤੁ। ਇਸ ਬਰ ਬੇਦੀਓਂ ਕੀ ਕੁਲ ਮੈ ਭਏ ਜੋ ਬੀਰ,
ਤਿਨ ਮੈ ਗੰਭੀਰ ਧੀਰ ਪੀਰ ਪਰਹਰ ਹੈ।
ਧਰਮ-ਧੁਜਾ ਕੇ ਧਾਰੀ, ਦੀਨ-ਦੁਖ ਪਰਹਾਰੀ,
ਪਰਉਪਕਾਰੀਓਂ ਮੈ ਸੋਭਤ ਸੁਘਰ ਹੈ।
ਲੋਕਨ ਮੈ ਲਾਇਕ ਜੋ ਸਭ ਕੇ ਸਹਾਇਕ ਐ,
ਬੇਦਬ਼ਾਨੀ ਗਾਇਕ ਹੈ, ਆਨੰਦ ਕੇ ਘਰ ਹੈ।
ਐਸੇ ਸਤ ਪੁਰਸ਼ ਸਰੂਪ ਕਾਲੂ ਜੀ ਹੂੰ ਜਾਨੋ;
ਤਿਨਕੇ ਸਦਨ ਮਾਤਾ ਤ੍ਰਿਪਤਾ ਅਮਰ ਹੈ॥ ੧੩
ਤ੍ਰਿਪਤਾ ਭਵਾਨੀ ਤੇ ਸੰਸਾਰ ਕੇ ਉਧਾਰ ਹੇਤੁ,
ਸ੍ਰੀ ਸਤਿਗੁਰੁ ਦੀਨ ਦਯਾਲ ਹੂੰ ਕ੍ਰਿਪਾਲ ਹੈ।
ਜਗਤ ਗੁਰੂ ਜੋ ਵਾਹਿਗੁਰੂ ਹੈ ਕਰਨਹਾਰ,
ਜਾਂਕੀ ਦਯਾ ਮਯਾ ਤੇਂ ਸੰਸਾਰ ਪਾਰਛਾਲ ਹੈ।
ਜਾਂਕੀ ਦਯਾ ਦ੍ਰਿੱਸ੍ਰਿ ਕਰੈ, ਸ੍ਰਿਸ੍ਟੱਨ ਤੇਂ ਉਤਕ੍ਰਿਸ੍ਰ,
ਏਕੰਕਾਰ ਅਵਤਾਰ ਕਹਤ ਨਿਹਾਲ ਹੈ।
ਨਿਰੰਕਾਰ ਕੋ ਅਕਾਰ ਭਾਈ ਗੁਰਦਾਸ ਕਹਯੋ,
ਐਸੇ ਗੁਰੁ ਨਾਨਕ ਜੀ ਸੋਭਿਤ ਅਕਾਲ ਹੈ॥ ੧੪

"ਨਿਰੰਕਾਰ ਆਕਾਰ ਆਪ ਉਪਾਯਾ।
ਹੋਆ ਏਕੰਕਾਰ ਇਕ ਦਿਖਾਇਆ।"

ਇੱਤਿਜਾਦਿ ਜਾਨੀਓ!

ਕਬਿੱਤੁ। ਸਤਿਗੁਰੁ ਨਾਨਕ ਜੀ ਰਾਇ ਭੋਇ ਤਿਲਵੰਡੀ,
ਮੱਦ੍ਰ ਦੇਸ ਬਾਰ ਕਰਕੈ ਪ੍ਰਸਿੱਧ ਧਾਰ ਹੈ।
ਪੰਦਰਾਂ ਸੈ ਬੀਸ-ਖਟ ਸੰਮਤ ਹੂੰ ਕਾਤਿਕ ਕੀ,
ਸ਼ੁਦੀ ਹੂੰ ਪੂਰਨਮਾਸੀ ਜਾਨ ਵੀਰਵਾਰ ਹੈ।
ਆਧੀ ਰਾਤ ਕ੍ਰਿਤਕਾ ਨਿਛੱਤ੍ਰ ਪਰਘ ਜੋਗਜ,
ਕਰਣ ਬਿਵਾਖਜ ਸਿੰਘ ਲਗਨ ਸੁਧਾਰ ਹੈ।
ਬ੍ਰਿਖ ਰਾਸ਼ਿ ਚੰਦੁ ਭਾਨੁ ਬ੍ਰਿਸਚਕੇਂ ਬੁਧ ਵੀਰ
ਕੁੰਭੇ ਸਨਿਚਰ ਸੁਕ੍ਰ ਰਾਸ਼ਿ ਤੁਲ ਸਾਰ ਹੈ॥ ੧੫

Digitized by Panjab Digital Library | www.panjabdigilib.org



ਸਿੰਘ ਰਾਸਿ ਮੰਗਲ ਹੂੰ ਮਕਰ ਮੈ ਰਾਹੁ ਲਖਿ,
ਕਰਕ ਜੁ ਰਾਸਿ ਮਾਹਿ ਕੇਤੁ ਕੋ ਨਿਹਾਰੀਏ ।
ਇਹੀ ਆਦਿ ਲਗਨ ਉਦੈ ਹੂੰ ਆਨਿ ਹੋਵਤੇ ਭੇ,
ਸੰਸਕ੍ਰਿਤੀ 'ਨਾਨਕਚੰਦ੍ਰੋਦਯ' ਮੈ ਬਿਚਾਰੀਏ ।
ਤਿਪਰੋ ਹੂੰ ਮਾਤਾ ਜੀ ਕੋ 'ਬੀਬੀਜੀ' ਭੀ ਸੰਗਯਾ ਕਹੈਂ,
ਗੁਰਪਰਣਾਲੀ ਅੰਬਰਸਰੀਓਂ ਕੀ ਧਾਰੀਐ ।
ਕਤਿਕ ਅਠਾਰੁਵੀਂ ਹੂੰ ਸਵਾ ਪਹਰ ਰਾਤ ਰਹੀ,
ਅਨੁਰਾਧਾ ਹੂੰ ਨਿਛੱਤ੍ਰ ਲਿਖਤੇ ਲਿਖਾਰੀਐ ॥ ੧੬
ਅਰੁ ਮਿਹਰਵਾਨ ਕ੍ਰਿਤ ਜਨਮ ਸਾਖੀ ਹੂੰ ਲਿਖਯੋ,
ਭਾਈ ਜੀ ਕੀ ਪਹਿਲੀ ਵਾਰ ਮਾਹਿ ਐਸੇ ਆਨੀਐ !
ਸੂਰਤ ਹੂੰ ਸਿੰਘ ਕ੍ਰਿਤ ਟੀਕੇ ਮਾਹਿ ਲਿਖਯੋ,
ਭਾਖਯੋ ਬਿਸਾਖ ਮਾਸ ਸੁਦੀ ਤੀਜ ਜਾਨੀਐ !
ਖੁਰਦਪੁਰ-ਮਾਂਗੇ ਕੇ ਨਿਕਟਿ 'ਬਾਠਾਂ' ਨਾਮ ਠੌਰ,
ਤਾਂਮੈ ਇਉਂ ਲਿਖਯੋ ਹੈ ਜੈਸੇ ਕਹੀ ਰਸ ਸਾਨੀਐ ।
ਸਹੀ ਬਾਤ 'ਨਾਨਕਚੰਦ੍ਰੋਦਯ' ਹੂੰ ਕੀ ਰਾਖਣੀ ਜੂ,
ਔਰ ਬਾਤ ਕਹਿ ਦਈ, ਸਾਚੀ ਇਹ ਮਾਨੀਐ ॥ ੧੭
ਸਿੰਘ ਹੂੰ ਲਗਨ ਕਰਿ ਸਵਾਜਾਮ ਰੈਨ ਰਹੀ,
ਬਣਤੀ ਅਰਧ ਨਹੀਂ, ਕਹੀ ਜੋ ਸੁਨਾਇਕੈ ।
ਪੰਦਰਾਂ ਸੌ ਚਾਲੀ ਚਾਰ ਸੰਮਤ ਹੂੰ ਲਿਖਯੋ ਜਾਨ,
ਤਬ ਹੀ ਬਿਵਾਹ ਭਯੋ, ਬੇਦ ਕਹਯੋ ਗਾਇਕੈ ।
ਬਾਜੀ ਸਰਨਾਈ ਸੰਖ ਸ਼ਬਦ ਸੁਹਾਈ ਢੋਲ,
ਢਿੰਮਢਿੰਮੀ ਡੁਕਡੁਕੀ ਧੁਨਿ ਰਹੀ ਛਾਇਕੈ ।
ਧੌਂਸਾ ਭੇਰੀ ਤੂਤੀ ਪਟਹ ਬਾਜਤ ਮ੍ਰਿਦੰਗ ਚੰਗ,
ਸਾਰੰਗੀ ਚਿਕਾਰਾ ਬਾਜੇ, ਬਾਜੇ ਹੂੰ ਬਜਾਇਕੈ ॥ ੧੮

Digitized by Panjab Digital Library | www.panjabdigilib.org

ਬਾਜਤ ਨਗਾਰੇਂ ਔ ਸਤਾਰੈਂ ਔ ਦੁਤਾਰੇਂ ਛੋੜੈਂ,
ਬਹੁਰੋ ਤੰਬੂਰੇ ਔ ਸਰੰਦੇ ਬਾਜੇ ਚੰਗ ਹੈ।
ਬਾਜਤ ਜਲਤ੍ਰੰਗ ਔ ਮੁਚੰਗ ਔ ਉਪੰਗ,
ਧਪ ਮਪ ਧਪ ਮਪ ਜੋੜੀ ਬਾਜੇ ਸੰਗ ਹੈ।
ਤਤਥਈ ਤਤਥਈ ਗਤ ਲਈ ਮਹਾ ਛਈ,
ਮੰਜਰੀ ਹੂੰ ਬੀਨ ਝੀਨ ਨੌਬਤ ਸੁਰੰਗ ਹੈ।
ਧੁਮਕੀ ਬਜਤ ਧੁਧਕਟ ਧੁਧਕਟ ਧੁਨਿ,
ਡਫਨ ਕੋ ਡੰਕਾ ਸੁਨੈ ਲੰਕ ਮੈ ਨਿਸੰਗ ਹੈ॥ ੧੯
ਜੇਠ ਕੀ ਚੌਬੀਸਵੀਂ ਥੀ, ਪਖੋਕੇ ਰੰਧਾਵੇ ਹੂੰ ਤੇ,
ਜੰਞ ਸੰਗ ਚੜ੍ਹੇ ਹੈਂ 'ਗੁਲਾਬ ਸਿੰਘ' ਜਾਇਕੈ।
ਬੇਗ ਸੇ ਬਟਾਲੇ, ਮੂਲੇ ਚੋਣੇ ਕੇ ਢੁਕੇ ਹੈਂ ਜਾਇ,
ਮਹਲ ਕੋ ਨਾਮ ਹੂੰ ਸੁਲਖਣੀ ਲਖਾਇਕੈ।
ਮਾਈ ਹੂੰ ਕੀ ਦੂਸਰੀ ਹੂੰ ਸੰਗਯਾ 'ਘੁਮਾਈ' ਕਹੈਂ,
ਭਏ ਦੋਊ ਸੁਤ ਸੋਊ ਕਹੋਂ ਹੈਂ ਬਨਾਇਕੈ।
ਬੇਬੇ ਨਾਨਕੀ ਨ ਪਹਿਲੇ ਲੌਂਗ ਹੂੰ ਦਿਵਯੋ ਏਕ,
ਪੰਦਰਾਂ ਸੌ ਇਕਵਿੰਜਾ ਸੰਮਤੁ ਸੁਨਾਇਕੈ॥ ੨੦
ਸਾਵਣ ਕੀ ਪਾਂਚਵੀਂ ਹੂੰ ਸਿਰੀਚੰਦ ਉਪਜੇ ਹੈਂ,
ਆਨੰਦ ਅਪਾਰ ਭਯੋ, ਕਹਯੋ ਕੈਸੇ ਜਾਇ ਹੈ!
ਪਸਚਾਤ ਦੂਸਰਾ ਦਿਵਾਯਾ ਲੌਂਗ ਮਾਤਾ ਜੀ ਕੋ,
ਪੰਦਰਾਂ ਸੌ ਤਿਰਵਿੰਜਾ ਸੰਮਤ ਲਖਾਇ ਹੈ।
ਫਗੁਣ ਮਹੀਨੇ ਕੀ ਉਨੀਸਵੀ ਪਛਾਨ ਮਨ,
ਭਾਂਤਿ ਭਾਂਤਿ ਰੰਗਨ ਕੋ ਹੋਵਤ ਬਨਾਇ ਹੈ।
ਆਨੰਦ ਕੇ ਕੰਦ ਲਛਮੀ ਸੁ ਚੰਦ ਜੀ ਕੋ,
ਜਾਨੋਂ ਜਨਮ ਜੁ ਭਯੋ, ਲਯੋ ਸੁਖ ਅਧਿਕਾਇ ਹੈ॥ ੨੧
ਬਰਖ ਉਨੱਤ੍ਰ ਹੂੰ ਦਸ ਮਾਸ ਦਸ ਦਿਨ,
ਭਵ ਕੋ ਪ੍ਰਗਟ ਗੁਰੂ ਦਰਸ਼ਨ ਦੀਏ ਹੈਂ।
ਆਨਕੈ ਖਡੂਰ ਕਛੁ ਕਾਲ ਲਹਣੇ ਕੋ ਪਹਿਲੇ,
ਤਿਲਕ ਦੇ ਗਏ ਨਾਮ 'ਅੰਗਦ' ਜੁ ਕੀਏ ਹੈਂ।
ਪੰਦਰਾਂ ਸੌ ਛਿਆਨਵੇਂ ਹੂੰ ਸੰਮਤ ਪਛਾਨ ਮਨ,
ਅੱਸੂ ਵਦੀ ਦਸਮੀ ਐਰਾਵਤੀ ਨਦੀ ਅਏ ਹੈਂ।
ਰਾਵੀ ਤਟ ਕਰਤਾਰਪੁਰ ਬਿਖਯਾਤ ਜਾਨ,

Digitized by Panjab Digital Library | www.panjabdigilib.org

ਨਿਜਕਰ ਰਚਯੋ ਭਜੇ ਲਏ ਸੁਖ ਹੀਏ ਹੈਂ ॥ ੨੨
ਚੌਪਈ। ਨਿਜ ਕਰਤਾਰਪੁਰੀ ਜਨ ਜਾਣੇ।
ਜੋਤੀ ਜੋਤਿ ਸਰੂਪ ਸਮਾਣੇ।
ਕਰਜੋ ਸੰਸਾਰ ਉਧਾਰ ਪ੍ਰਕਾਰਾ।
ਸਿੱਖਯਾ ਕੇ ਉਪਦੇਸ਼ ਦ੍ਵਾਰਾ।
ਵੇਂਈ ਤੇ ਨਿਕਸਨ ਜਬ ਕੀਓ।
ਤਬ ਉਪਦੇਸ਼ ਸਿਖਨ ਕੌਂ ਦੀਓ ॥ ੨੩
ਤੋਟਕ ਛੰਦ। ਉਪਰੰਤਹਿ ਸਾਲ਼ ਗਿਨੇ ਜੁ ਜਿਤੇ।
ਗੁਰ ਨਾਨਕ ਜੀ ਭੁਗਵੇ ਸੁ ਤਿਤੇ।
ਉਪਦੇਸਹਿ ਲੈ ਜਨ ਹੂੰ ਉਧਰੇ।
ਕਿਰਪਾ ਜਿਨ ਕੀ ਕੁਧਰੇ ਸੁਧਰੇ ॥ ੨੪
ਦੋਹਾ। ਗੁਰੁ ਨਾਨਕ ਜੀ ਕੀ ਮਹਾ, ਮਹਿਮਾ ਮੋਦ ਬਢਾਇ।
ਦਾਸ ਗੁਲਾਬ ਮ੍ਰਿਗਿੰਦ ਪਗ, ਅਰਬਿੰਦਹਿ ਸਿਰ ਨਜਾਇ ॥ ੨੫
ਦੋਹਾ। ਪ੍ਰਥਮ ਪਾਤਸਾ ਕੀ ਕਥਾ, ਰਹੀ ਇਧਰ ਅਬ ਆਨ।
ਗੁਰੁ ਅੰਗਦ ਜੂ ਕੀ ਕਥਾ, ਸੁੰਦਰ ਸੁਨੋ ਸੁਜਾਨ ॥ ੨੬

ਇਤਿ ਸ੍ਰੀ ਗੁਰੁ ਪ੍ਰਨਾਲਿਕਾਯਾਂ ਗੁਲਾਬ ਸਿੰਘ
ਕ੍ਰਿਤ ਬਿਰਚਤੇ; ਰਵਿਕੁਲ ਆਦਿ
ਉਤਪਤੀ ਕਥਨੰ ਨਾਮ
ਪ੍ਰਥਮ ਪ੍ਰਕਰਣ
ਸਮਾਪਤੰ ॥

ਤ੍ਰਿਭੰਗੀ ਛੰਦ। ਸੇਵੇ ਕਮਲਾਸਨ, ਕੁਸਮ-ਸਰਾਸਨ,
ਤਾਕੇ ਨਾਸਨ, ਦੁਖ ਦੋਖਨ।
ਅੰਤਕ ਡਰਪਾਵੈ, ਤੁਰਤ ਨਸਾਵੈ,
ਸੁਭ ਫਲੁ ਪਾਵੈ, ਤਨ ਤੋਖਨ।
ਮਨ ਬਾਂਛਿਤ ਦਾਇਕ, ਜਗ ਮੈ ਲਾਇਕ,
ਬਿਘਨ ਬਿਨਾਇਕ, ਜਯੋਂ ਸੋਖਨ।
ਗੁਰੁ ਅੰਗਦ ਪਾਇਨ, ਦੁਖਨ ਨਸਾਇਨ,
ਸਭ ਫਲ ਦਾਇਨ, ਦੇ ਮੋਖਨ ॥ ੧

Digitized by Panjab Digital Library | www.panjabdigilib.org

ਅਥ ਤ੍ਰੇਹਣ ਗੁਰੁ ਅੰਗਦ ਜੀ ਕੀ ਆਦਿ ਉਤਿਪਤੀ ਕਥਨੰ ।

ਕਬਿੱਤੁ। ਮਾਲਵੇ ਮੈਂ ਮੱਤੇ ਕੀ ਸਰਾਂਇੰ, ਹਰੀ ਕੇ ਗਿਰਾਉਂ,
ਤ੍ਰੇਹਣ ਕੀ ਕੁਲ ਬਿਖੈ, ਕਥਾ ਕਹੋਂ ਪਜਾਰੀਏ ।
ਇਹਿ ਭੀ ਸੂਰਜਬੰਸੀ ਲੱਛਮਨ ਕੀ ਸੰਤਾਨ
ਮਧਰ ਤੇ ਹੀ ਨਿਕਸੇ ਹੈਂ, ਕਹਯੋ ਹਿਯ ਧਾਰੀਏ !
ਬਾਬੇ ਹੂੰ ਫਿਰਾਯੇ ਕੇ ਸਦਨ ਸਭਰਾਈ ਨਾਮ,
ਮਾਤਾ ਕੇ ਉਦਰ ਤੇ .ਜਨਮ ਸੁਖਕਾਰੀ ਏ ।
ਦੂਸਰੀ ਪ੍ਰਨਾਲਿਕਾ ਮੇ ਦਯਾਕੌਰ ਮਾਤਾ ਨਾਮ,
ਉਪਰੰਤ ਔਦਿ ਸਹੀ ਨਾਮ ਕੇ ਬਿਚਾਰੀਏ !! ੨
ਪੰਚਦਸ ਸੈ ਇਕ੍ਯਾਠ* ਸੰਮਤ ਸੰਦੇਹ ਇਹਾਂ,
ਪੰਚਦਸ ਸੈ ਸਤ੍ਯਾਠ ਸੰਮਤ ਭੀ ਭਾਨੀਐ ।
ਗਯਾਰ੍ਹਵੀਂ ਵਿਸਾਖ ਕੀ, ਔ ਪਖੇਂ ਭੀ ਵਿਸਾਖ ਵਦੀ,
ਇਕਾਦਸੀ, ਭਰਣੀ ਨਿਛੱਤ੍ਰ ਛੱਤ੍ਰ ਮਾਨੀਐ ।
ਚਾਰ ਘੜੀ ਰੈਨ ਰਹੀ ਜਨਮ ਭਯੋ ਹੂੰ ਜਾਨ,
ਪਹਿਲੋ ਥੋ ਨਾਮ ਲਹਿਣਾ ਅੰਗਦ ਜੀ ਜਾਨੀਐ ।
ਸੁਧਾਸਰੀਓਂ ਕੀ ਪ੍ਰਨਾਲਿਕਾ ਮੇ ਮਾਤਾ ਜੀ ਕੋ,
ਨਾਮ ਰਾਮੋ ਜੀ ਹੂੰ ਲਿਖਯੋ ਮੋਦ ਸੰਗ ਸਾਨੀਐ ।। ੩

ਕਬਿੱਤੁ। ਪੰਚਦਸ ਸੌ ਛਿਹੱਤ੍ਰ ਸੰਮਤ ਵਿਵਾਹਿ ਭਯੋ,
ਸੋਲ੍ਹਵਾਂ ਮਘਰ ਹੂੰ ਕੀ ਸੁਨਿ ਅਘ ਹਰੋ ਜੀ !
ਮਹਿਲ ਕਾ ਨਾਮ ਖੀਵੀ ਪਹਿਲਾਂ, ਸੰਮਤ ਜਾਨੋ
ਪੰਦਰਾਂ ਸੈ ਅੱਸੀ ਇਕ ਭਾਦ੍ਰੋਂ ਨੌਮੀ ਧਰੋ ਜੀ !
ਜਨਮੇ ਦਾਸੂ ਜੀ ਫਿਰ ਸੰਮਤ ਹੂੰ ਪੰਦਰਾਂ ਸੇ,
ਉਮਰ ਉਨਾਣਵੇਂ ਭੀ ਭਗਤੀ ਸੇਂ ਭਰੋ ਜੀ !
ਪੰਚਦਸ ਸੈ ਉਨਾਸੀ ਸੰਮਤ ਭੀ ਕਹੈਂ ਕੋਈ,

---

*ਸੰਮਤ ੧੫੬੧ ਦੇ ਵੈਸਾਖ ਦੀ ੧੧ਵੀਂ ਨੂੰ ਵਦੀ ੭, ਵਾਰ ਸਨਿਚਰ ਤੇ ਨਿਛੱਤ੍ਰ ਪੂਰਬਾ ਅਖਾੜਾ ਸੀ । ਅਤੇ ਸੰਮਤ ੧੫੬੭ ਦੇ ਵੈਸਾਖ ਦੀ ੧੧ਵੀਂ ਨੂੰ ਮੱਸਿਆ ਐਤਵਾਰ, ਅਸ੍ਵਨੀ ਨਿਛੱਤ੍ਰ ਸੀ । ਸੰਮਤ ਸਤਾਹਠ ਹੀ ਦਰੁਸਤ ਹੈ। ੧੫੬੬ ਵਿਚ ਜਨਮ ਗੁਰੂ ਅਮਰਦਾਸ ਜੀ ਦਾ ਹੈ; ਜੋ ਆਪ ਤੋਂ ਵਡੇਰੀ ਉਮਰ ਦੇ ਸਨ ।

Digitized by Panjab Digital Library | www.panjabdigilib.org

ਪੋਹ ਕੀ ਦੂਸਰੀ ਬੀਬੀ ਜਨਮੀ ਅਮਰੋ ਜੀ ॥ ੪
ਕੋਈ ਕਹੈਂ, ਬੀਬੀ ਹੂ ਕਾ ਨਾਮ ਕਰਮੋ ਹੈ,
ਫਿਰ ਸੰਮਤ ਹੂੰ ਪੰਦਰਾਂ ਸੈ ਬਾਨਵੇਂ ਬਤਾਯੋ ਹੈ ।
ਜੇਠ ਕੀ ਉਨਤਵੀਂ ਸੀ ਜਨਮੀ ਦੂਸਰੀ ਬੀਬੀ,
ਰਾਖਯੋ ਅਣੋਖੀ ਨਾਮ ਸੁੰਦਰ ਸੁਨਾਯੋ ਹੈ ।
ਬਹੁਰੋ ਸੰਮਤ ਪੰਦਰਾਂ ਸੌ ਹੂੰ ਚੌਰਾਨਵੇਂ ਔ,
ਮਾਘ ਕੀ ਪ੍ਰਿਥਮ ਮਾਹਿ ਦਾਤੂ ਨਾਮ ਜਾਯੋ ਹੈ ।
ਦਾਤੂ ਦਾਸੂ ਨਾਮ ਸੁਤ ਦੋਊ ਭਲੀ 'ਭਾਂਤਿ ਜਾਨੋ,
ਅਮਰੋ ਅਣੋਖੀ ਨਾਮ ਪੁੱਤ੍ਰੀ ਦੋਇ ਗਾਯੋ ਹੈ ॥ ੫
ਟਿਕੇ ਸਮੇਂ ਉਮਰ ਬਰਖ ਪੈਂਤੀ ਚਾਰ ਮਾਸ,
ਦਿਵਸ ਉੱਨਤੀ ਕੀ, ਬਰਖ ਬਾਰਾਂ ਜਾਨੀਐ !
ਮਾਸ ਖਟ ਨਵ ਦਿਨ, ਇਤਨੀ ਉਮਰ ਮਾਨ,
ਪਾਛੇ ਹੀ ਖਡੂਰ ਬੀਚ ਭਲੇ ਹੂੰ ਪਛਾਨੀਐ !
ਸੰਮਤ ਸੋਲਾਂ ਸੈ ਨਵ, ਚੇਤ ਸੁਦੀ ਚੌਥ ਜਾਨੋ,
ਜੋਤੀ ਜੋਤਿ ਕੇ ਸਮਾਣ ਭਯੋ ਮਨ ਆਨੀਐ !
ਉਮਰ ਸਰੀਰ ਸਾਰੀ ਬਰਖ ਸੈਂਤਾਲੀ, ਯਾਰਾਂ
ਮਾਸ ਆਠ ਦਿਨ, ਗੁਰੂ ਅੰਗਦ ਕੀ ਮਾਨੀਐ !! ੬
ਦੋਹਰਾ। ਸੋਲਾਂ ਸੈ ਉਣਤਾਲੀਆ, ਸੰਮਤ ਮਾਹਿ ਪ੍ਰਮਾਨ !
ਖੀਵੀ ਮਾਤਾ ਮਾਨ ਮਨਿ, ਤ੍ਰਬ ਹੀ ਭਯੋ ਚਲਾਨ ॥ ੭
ਦੋਹਰਾ। ਗੁਰੁ ਅੰਗਦ ਜੀ ਕੀ ਕਥਾ, ਪਾਛੇ ਰਹੀ ਪਛਾਨ !
ਅਮਰਦਾਸ ਗੁਰੁ ਕੀ ਕਥਾ, ਆਗੇ ਚਲੀ ਸੁ ਜਾਨ ॥ ੮
ਦੋਹਾ। ਪਾਤਿਸਾਹਿ ਜੋ ਤੀਸਰੇ, ਅਮਰਦਾਸ ਗੁਰੁ ਰਾਜ ।
ਲਾਜ ਰਾਖਬੋ ਕਾਜ ਹੈ, ਬਡੇ ਗਰੀਬ ਨਿਵਾਜ ॥ ੯ ॥

ਇਤਿ ਸ੍ਰੀ ਗੁਰੁ-ਪ੍ਰਣਾਲਿਕਾਯਾਂ ਗੁਲਾਬ ਸਿੰਘ
ਕ੍ਰਿਤ ਬਿਰਚਤੇ, ਗੁਰੁ ਅੰਗਦ ਜੀ ਕੀ
ਤ੍ਰੇਹਣ ਕੁਲ ਬਰਨਨੰ ਨਾਮ
ਦੁਤੀਯੋ ਪ੍ਰਕਰਣ
ਸਮਾਪਤ ॥ ੨ ॥ ਸੁਭਮਸਤੁ ॥

ਤ੍ਰਿਭੰਗੀ ਛੰਦ। ਸੇਵੇ ਤਿਨ-ਨੈਨਨਿ, ਮੀਠੇ ਬੈਨਨਿ,
ਮੁਕਤਿ ਸੁ ਦੈਨਨਿ, ਨਰ ਤਾਰਨ।

Digitized by Panjab Digital Library | www.panjabdigilib.org

ਸੇਵਤ ਦ੍ਵੈਮਾਤੁਰ, ਪੰਡਿਤ ਚਾਤੁਰ,
ਘਾਵਤ ਆਤੁਰ, ਅਘ ਦਾਰਿਨ ।
ਦਲ ਮਲਿਤ ਮਨੋਭਵ, ਸੋਭਤ ਜਯੋਂ ਰਵਿ,
ਸਸਿ ਸੇ ਦੁਖ ਭਵ, ਭੇ ਜਾਰਿਨ ।
ਗੁਰੂ ਅਮਰ ਬਿਰਾਜੈ, ਛਬਿ ਛਿਤਿ ਛਾਜੈ,
ਜੈ ਧੁਨਿ ਬਾਜੈ, ਜਗ ਕਾਰਿਨ ॥ ੧

ਅਥ ਗੁਰੂ ਅਮਰਦਾਸ ਕੀ ਆਦਿ ਉਤਿਪਤੀ ਕੱਥਜਤੇ

ਕਬਿੱਤੁ। ਜਾਯੋ ਮਾਝੇ ਬਾਸਰ ਕੇ, ਰਾਮਾ ਅਵਤਾਰ ਭਰਾਤਾ
ਭਰਤ ਹੂੰ, ਤਾਕੀ ਕੁਲ ਮੈ ਭੱਲੇ ਨਿਹਾਰੀਏ !
ਛੱਤ੍ਰੀ ਬੰਸ ਬਿਖੈ, ਬਾਬੇ ਹੂੰ ਤੇਜਨਿਧਾਨ ਜਾਨ
ਤੇਜੋਂ ਜੀ ਸੁ ਕਰਕੈ ਪ੍ਰਗਟ ਜਗ ਧਾਰੀਏ !
ਮਾਤਾ ਲਛਮੀ ਸੂਜੀ ਕੇ ਉਦਰ ਤੇ
ਦੂਸਰੀ ਹੂੰ ਪਰਨਾਲਿਕਾ ਮੈਂ ਭੂਪ ਕੌਰ ਤੇ ਬਿਚਾਰੀਏ ।
ਸੰਮਤ ਪੰਦਰਾਂ ਸੌ ਛੱਤੀ ਬਿਸਾਖ ਸੁਦੀ ਚੌਧੈਂ,
ਬੀਸਵੀ* ਬਿਸਾਖ ਵਾਰ ਸੁਕਰ ਸਵਾਰੀਏ ॥ ੨
ਕਬਿੱਤੁ। ਕ੍ਰਿਤਕਾ ਨਿਛੱਤ੍ਰ ਡੇਢ ਪਹਿਰ ਰਾਤ ਰਹਿਤੀ ਹੂੰ,
ਪੰਦਰਾਂ ਸੌ ਛਿਹਾਹਟਾ† ਭੀ ਲਿਖਯੋ ਅਵਿਰੇਖੀਏ ।
ਸੰਮਤ ਕੀ ਬਿਧਿ ਇਹੁ ਪਰੰਤੁ ਮਿਲਤੀ ਹੈ ਨਹੀਂ,
ਸੰਮਤ ਪੰਦਰਾਂ ਸੈ ਉਨਾਸੀ ਭਲੇ ਦੇਖੀਏ ।
ਭਯੋ ਹੈ ਬਿਵਾਹੁ ਤਬ ਅਰੁ ਮਾਘ ਗਜ਼ਾਰੁਵੀਂ ਥੀ,
ਰਾਮੋ ਜੀ ਮਹਲ, ਦੂਜਾ ਨਾਮ ਮਾਲਾਂ ਲੇਖੀਏ ।
ਮਨਸਾ ਦੇਵੀ ਭੀ ਤੀਜੋ ਨਾਮ ਪਰਨਾਲਿਕਾ ਮੈ,
ਦੁਹਿਤਾ ਨਿਹਾਰ ਏਕ, ਦੋਇ ਪੁੱਤ੍ਰ ਪੇਖੀਏ ॥ ੩
ਕਬਿੱਤੁ। ਪੰਦਰਾਂ ਸੌ ਨੱਬੇ ਜਾਨ ਸੰਮਤ ਮਹੀਨੇ ਜੇਠ,

*ਵੈਸਾਖ ੨੦ ਨੂੰ ਵਾਰ ਬੁੱਧ ਤੇ ਨਿਛੱਤ੍ਰ ਹਸਤਾ ਸੀ ।

†ਜਨਮ-ਸੰਮਤ ੧੫੬੬ ਹੀ ਸਹੀ ਹੈ । ਵਿਆਹ ੧੫੭੯ ਵਿੱਚ ਚੌਧਵੇਂ ਸਾਲ ਹੋਣਾ ਤਾਂ ਉਸ ਸਮੇਂ ਦੇ ਰਿਵਾਜ ਅਨੁਸਾਰ ਉਚਿੱਤ ਹੈ; ਪਰ ਚੁਤਾਲੀ ਵਰ੍ਹੇ ਦੀ ਉਮਰੇ, ਨਾਂ ਮੁੰਨਾਸਿਬ ਹੈ; ਤੇ ਨਾਂਹੀ ਸਮੇਂ ਮੁਤਾਬਿਕ ਸੰਭਵ ! ਇਸ ਵਰ੍ਹੇ ਸ਼ੁੱਕਰਵਾਰ ੧੮ ਵੈਸਾਖ ਵਦੀ ੧੦ ਨੂੰ, ਤੇ ਕ੍ਰਿਤਿਕਾ ਨਛੱਤ੍ਰ ੨੪ ਵੈਸਾਖ ਸ਼ੁਦੀ ੧ ਵੀਰਵਾਰ ਨੂੰ ਸੀ ।

Digitized by Panjab Digital Library | www.panjabdigilib.org

ਚੋਥੀ, ਰਵਿ ਵਾਰ, ਬੀਬੀ ਭਾਨੀ ਜਾਈ ਗਾਯੋ ਹੈ ।
ਆਹਰ ਕੀਆ ਹੈ ਫਿਰ ਬਾਵਲੀ ਬਨਾਵਨੇ ਕਾ,
ਪੁਨਰਬਸ ਨਿਛੱਤ੍ਰ ਦੂਜੇ ਪਗ ਪਾਯੋ ਹੈ ।
ਪੰਦ੍ਰਾਂ ਸੈ ਇਕਾਨਵੇਂ ਸੰਮਤ ਮੰਗਲਵਾਰ,
ਮਾਘ ਕੀ ਇਕ੍ਹੀਵੀਂ, ਪੰਜ ਘੜੀ ਦਿਨ ਆਯੋ ਹੈ ।
ਉਸ ਪੀਛੇ ਸੰਮਤ ਪੰਦਰਾਂ ਸੈ ਤ੍ਰਿਆਨਵੇਂ ਹੂੰ,
ਚੇਤ ਪੰਧਰਵੀਂ ਨਾਮ ਮੋਹਨ ਜੀ ਜਾਯੋ ਹੈ ॥ ੪

ਕਬਿੱਤੁ । ਪੰਦਰਾਂ ਸੈ ਛਿਆਨਵੇਂ ਕੇ ਸੰਮਤ ਪਛਾਨ ਫਿਰ,
ਫੱਗੁਣ ਕੀ ਪਾਂਚਵੀਂ ਗੁਲਾਬ ਸਿੰਘ ਗਾਯੋ ਹੈ ।
ਹਾੜ ਪਾਂਚਵੀਂ ਭੀ ਦੇਖੀ, ਮੋਹਿਰੀ ਜੀ ਜਾਯੋ,
ਫਿਰ ਪੰਦਰਾਂ ਸੈ ਨੜਿਨਵੇਂ ਸੰਮਤ ਸੁਨਾਯੋ ਹੈ ।
ਫੱਗਣ ਕੀ ਸੋਲ੍ਹਵੀ ਮੈਂ ਬੀਬੀ ਭਾਨੀ ਜੀ ਕਾ ਬਯਾਹੁ,
ਉਪ੍ਰੰਤ ਸੰਮਤ ਸੋਲਾਂ ਸੈ ਤਿੱਨ ਭਾਯੋ ਹੈ ।
ਸਾਵਣ ਕੀ ਨਵਮੀ ਮੈ ਮੋਹਿਰੀ ਕੋ ਬਯਾਹੁ ਭਯੋ;
ਉਸ ਪਾਛੇ ਸੰਮਤ ਸੋਲਾਂ ਸੈ ਯਾਰਾਂ ਛਾਯੋ ਹੈ ॥ ੫

ਕਬਿੱਤੁ । ਕਾਤਿਕ ਕੀ ਚੌਧਵੀਂ ਮੈ ਮੋਹਰੀ ਕੇ ਸੁਤ ਭਯੋ,
ਰਾਖਯੋ 'ਅਨੰਦ' ਨਾਮ, ਦੇਵਤ ਬਧਾਈ ਹੈ ।
ਦਾਇਕ ਅਨੰਦ ਚਾਲੀ ਪੌੜੀਆਂ 'ਅਨੰਦ' ਜੀ ਕੀ;
ਤਿਸ ਪ੍ਰਥਾਇ ਸਾਹਿਬਾਂ ਨੇ ਪ੍ਰਗਟਾਈ ਹੈਂ ।
ਟਿਕੇ ਕੇ ਸਮੇ ਬਹੱਤ੍ਰ* ਬਰਖ, ਮਹੀਨੇ ਦਸ,
ਬੀਸ ਦਿਨ ਹੂੰ ਕੀ ਆਵਖਾ ਸੀ, ਸੋ ਸੁਨਾਈ ਹੈ ।
ਮੰਜੀਆਂ ਬਾਈ ਸੰਜੀਵੜਾਦਿਕਾਂ ਕੌ ਬਖਸ਼ੀਆਂ,
ਬਾਈ ਹੂੰ ਬਰਖ ਪਾਂਚ ਮਾਸ ਬਿਧਿ ਗਾਈ ਹੈ ॥ ੬

ਚੌਪਈ । ਗਯਾਰਾਂ ਦਿਨ ਊਪਰ ਹੂੰ ਪਾਯ । ਭੇ ਪਰਬਿਰਤਕ ਸੰਪਰਦਾਯ ।
ਸੋਲਾਂ ਸੈ ਏਕੱਤੀ ਸੰਮਤ । ਭਾਦ੍ਰੋਂ ਸੁਦੀ ਪੰਦਰਾਂ ਹੂੰ ਅਤਿ ॥ ੭
ਬਯਾਸਾ ਕੇ ਤਟ ਗੋਇੰਦਵਾਲ । ਗੁਰੂ ਕੇ ਜਾ ਮੈ ਹੋਵੇ ਖਯਾਲ ।
ਨਬੇ-ਪਾਂਚ† ਬਰਖ ਹੂੰ ਰਾਜਤ । ਚਾਰ ਮਹੀਨੇ ਊਪਰ ਭ੍ਰਾਜਤ ॥ ੮
ਇਕ ਦਿਨ ਉਪਰ ਔਰ ਪਛਾਨ । ਦੇਹ ਅਵਸਥਾ ਏਤੀ ਜਾਨ ।
ਭਯੋ ਸੁ ਜੋਤੀ ਜੋਤਿ ਸਮਾਣ । ਆਗੇ ਔਰ ਪ੍ਰਸੰਗ ਪਛਾਣ ॥ ੯

---

*ਜਨਮ ਸੰਮਤ ੧੫੬੬ ਮੰਨਕੇ, ੪੨ ਵਰ੍ਹੇ ਬਣਦੀ ਹੈ ।
†ਸਹੀ ਉਮਰ ਪੰਝੱਤਰ ਵਰ੍ਹੇ ਬਣਦੀ ਹੈ ।

Digitized by Panjab Digital Library | www.panjabdigilib.org

ਦੋਹਾ। ਅਮਰਦਾਸ ਗੁਰੁ ਕੀ ਕਥਾ, ਕਹੀ ਜੁ ਸਿੰਘ ਗੁਲਾਬ।
ਰਾਮਦਾਸ ਗੁਰੁ ਕੀ ਕਥਾ, ਆਗੇ ਸੁਨੋ ਅਜਾਬ ॥ ੧੦

ਇਤਿ ਸ੍ਰੀ ਗੁਰੁ-ਪ੍ਰਣਾਲਿਕਾਯਾਂ ਕਵਿ ਗੁਲਾਬ ਸਿੰਘ
ਬਿਰਚਤੇ; ਤੀਸਰੀ ਪਾਤਿਸ਼ਾਹੀ ਜੀ ਕੀ
ਆਦਿ ਉਤਿਪਤੀ ਕਥਨੰ ਨਾਮ,
ਤੀਸਰੋ ਪ੍ਰਕਣ ਸਮਾਪਤੰ ਸੁਭਮਸਤੁ।

ਤ੍ਰਿਭੰਗੀ ਛੰਦ। ਪ੍ਰਹਪਨ-ਧਨੁ ਮਾਰਿਨ, ਅਘਨ ਪ੍ਰਜਾਰਿਨ,
ਬਿਘਨ ਬਿਦਾਰਿਨ, ਕੋਂ ਗਣਿਪਤਿ।
ਤਨ ਤੇਜ ਬਿਭਾਕਰ, ਗੁਨ-ਰਤਨਾਕਰ,
ਜਸ ਜਗਚਾਕਰ, ਕੈ ਜਗਪਤਿ।
ਬਿਧਿ ਬੇਦਿਨ ਗਾਏ, ਅੰਤ ਨ ਆਏ,
ਜਗ ਗੁਨ ਗਾਏ, ਕਰ ਚਿਤ ਰਤਿ।
ਰਾਮਦਾਸ ਧਯਾਵੈ, ਚਿਤਬ੍ਰਿਤ ਲਾਵੈ,
ਅਘ ਘਨ ਘਾਵੈ, ਦੇ ਮਤਿ ਗਤਿ ॥ ੧

ਅਥ ਸੋਢੀ ਕੁਲ ਆਦਿ ਉਤਿਪਤੀ ਕੱਥਯਤੇ

ਕਬਿੱਤੁ। ਸੋਢੀ ਕੁਲ ਬਿਖੈ, ਬਾਬੇ ਹਰਿਦਾਸ ਜੀ ਕੇ ਘਰ,
ਮਾਤਾ ਦਯਾਕੋਰ ਕੇ ਉਦਰ ਹੂੰ ਤੇਂ ਜਾਨੀਐ!
ਸ਼ਹਿਰ ਲਹੌਰ ਹੂ ਮੈ, ਪੰਚਸ ਸੌ ਸਤਾਸੀ
ਸੰਮਤ, ਕਤਕ ਵਦੀ ਦੂਸਰੀ ਪਛਾਨੀਐ!
ਤੁਲ ਕੀ ਬੀਸਵੀਂ, ਚਾਰ ਘੜੀ ਦਿਨ ਚੜ੍ਹੇ ਜਾਨੋ
ਵੀਰਵਾਰ ਸੁੰਦਰ ਗੁਲਾਬ ਸਿੰਘ ਮਾਨੀਐ!
ਚਿਤ੍ਰਾ ਨਿਛੱਤ੍ਰ ਮਾਹਿ ਜਨਮ,* ਅੰਮ੍ਰਿਤਸਰੀ
ਪਰਨਾਲੀ ਮਾਹਿ ਮਾਤਾ ਨਾਮਦੇਈ ਭਾਨੀਐ ॥ ੨

ਕਬਿੱਤੁ। ਖੇਮਕੋਰ ਦੂਜੋ ਨਾਮ; ਰਾਮਦਾਸ ਜਨਮ ਕੋ
ਨਾਮ ਜੇਠਾ ਜੀ ਪ੍ਰਥਮ; ਉਪਰੰਤ ਧਾਰੀਐ!
ਸੰਮਤੁ ਪੰਦ੍ਰਾਂ ਸੌ ਨੜਿੱਨਵੇਂ, ਫਗੁਣ ਸੋਲਾਂ,
ਏਕ ਥਾਂਇ ਸੰਮਤ ਸੋਲਾਂ ਮੈ ਦੋਇ ਪਾਰੀਐ!
ਫੱਗੁਣ ਸਤਾਰੁਵੀਂ ਅਮਰ ਗੁਰੂ ਜੀ ਕੀ ਪੁੱਤ੍ਰੀ

*੨੦ ਕੱਤਿਕ ਨੂੰ 'ਚਿੱਤ੍ਰਾ' ਨਛਤ੍ਰ ਇਕ ਘੜੀ ਦਿਨ ਚੜ੍ਹੇ ਤੱਕ ਹੀ ਸੀ, ਬੱਦਾਂ 'ਸ੍ਵਾਂਤੀ' ਲਗ ਗਿਆ ਸੀ।

Digitized by Panjab Digital Library | www.panjabdigilib.org

ਬੀਬੀ ਭਾਨੀ ਨਾਮ ਰੂਪਸਾਨੀ ਸੋ ਬਿਚਾਰੀਐ ।
ਗਹਯੋ ਹਾਥ ਗੋਇੰਦ ਹੂ ਵਾਲ ਬਿਖੈ ਭਾਨੀ ਜੀ ਕਾ;
ਪਾਤਿਸਾਹੀ ਤੀਸਰੀ ਨੇ ਰਾਖੇ ਈਹਾਂ ਸਾਰੀਐ ॥ ੩
ਕਬਿੱਤੁ । ਸਾਹਿਬਜ਼ਾਦੇ ਭੀ ਇਥੇ ਜਨਮੇ ਪਛਾਨ ਲੇਹੁ,
ਤੀਨ ਸੁਤ ਭੇ ਪ੍ਰਥਮ ਸੰਮਤ ਸੁਨਾਯੋ ਹੈ ।
ਸੰਮਤ ਸੋਲਾਂ ਸੈ ਪੰਜ, ਅਸੂ ਹੂੰ ਕੀ ਸਪਤਮੀ,
ਪ੍ਰਿਥੀਆ ਜਨਮ ਲਯੋ; ਉਪਰੰਤ ਗਾਯੋ ਹੈ ।
ਸੰਮਤ ਸੋਲਾਂ ਸੈ ਆਠ, ਦੂਜੀ ਸੈ ਸੋਲਾਂ ਸੈ ਨਵ,
ਹਾੜ੍ਹ ਕੀ ਚੌਥੀ ਸ੍ਰੀ ਮਹਾਦੇਵ ਨਾਮ ਜਾਯੋ ਹੈ ।
ਸੰਮਤ ਸੋਲਾਂ ਸੈ ਦਸ, ਬਹੁਰੋਂ ਵਿਸਾਖ ਹੂੰ ਕੀ
ਅਠਾਰਹਿ ਅਰਜੁਨ ਨਾਮ ਉਪਜਾਯੋ ਹੈ ॥ ੪
ਭਯੋ ਪ੍ਰਿਥੀਏ ਕਾ ਬਿਆਹੁ, ਕਰਮੋ ਥੀ ਨਾਮ ਜਾਕੋ,
ਕਹੇ ਹੈਂ ਸਵਾਣੀ ਮਾਤਾ, ਪਿਤਾ ਬਜਾਹੁ ਦੀਏ ਹੈਂ ।
ਸੰਮਤ ਸੋਲਾਂ ਸੈ ਤੇਰਾਂ ਮੈਂ, ਵਿਵਾਹ ਭਯੋ ਜਾਨ,
ਹੇਹਰਾਂ ਗ੍ਰਾਂਵ ਮੈ ਚਲਾਣਾ ਠਾਟ ਕੀਏ ਹੈਂ ।
ਸੰਮਤ ਸੋਲਾਂ ਸੈ ਤ੍ਰੇਠ, ਇਕਵੀਂ ਵਿਸਾਖ,
ਵਰ੍ਹੇ ਸਤਵਿੰਜਾ ਸਾਤ ਮਾਸ ਆਵਖਾ ਕੋ ਲੀਏ ਹੈਂ ।
ਮਹਾਦੇਉ ਬਜਾਹ ਨਹੀ ਕੀਓ ਹੈ, ਚਲਾਣਾ ਕੀਓ
ਸੰਮਤ ਸੋਲਾਂ ਸੈ ਬਾਠ, ਭਾਦੋਂ ਕੀ ਚੌਥੀਏ ਹੈਂ ॥ ੫
ਪਚਵੰਜਾ ਬਰਖ ਮਹੀਨੇ ਦੋਇ ਉਮਰ ਮੈ,
ਗੋਇੰਦ ਹੁ ਵਾਲ ਵਿਖੇ ਮਾਤਾ ਭਾਨੀ ਗਾਨੀ ਹੈ ।
ਤਿਨਕਾ ਚਲਾਣਾ ਭਯੋ ਸੰਮਤ ਸੋਲਾਂ ਸੈ ਪਚਵਿੰਜਾ
ਚੇਤ ਸੁਦੀ ਚੌਦਾਂ ਬਿਚ ਭਯੋ ਜਾਨੀ ਹੈ ।
ਗੁਰੂ ਚੌਥੇ ਜੀ ਕੀ ਆਯੁ ਟਿਕੇ ਸਮੇ ਦਸ ਮਾਸ,
ਬਰਖ ਤ੍ਰਿਤਾਲੀ, ਛਬੀ ਦਿਨ ਕੀ ਪ੍ਰਮਾਨੀ ਹੈ ।
ਰਾਮਦਾਸ ਨਾਮ ਭਯੋ ਉਪਰੰਤ ਸੰਮਤ ਹੂੰ
ਸੋਲਾਂ ਸੈ ਤ੍ਰਿਤਾਲੀ* ਹਾੜ ਤ੍ਰਯੋਦਸੀ ਬਖਾਨੀ ਹੈ ॥ ੬
ਪਾਂਚਵੀਂ ਸੰਕ੍ਰਾਂਤਿ ਵੀਰਵਾਰ ਹੂੰ ਨਿਛੱਤ੍ਰ ਪ੍ਰਖ
'ਰਾਮਦਾਸਪੁਰ' ਹੂ ਕੀ ਨੀਵ ਹੂੰ ਧਰਾਈ ਹੈ ।

---

*ਗੁਰੂ ਰਾਮਦਾਸ ਜੀ ਤਾਂ ਸੰਮਤ ੧੬੩੮ ਵਿਚ ਜੋਤੀ ਜੋਤਿ ਸਮਾ ਗਏ ਸਨ । ਇਹ ਸੰਮਤ ਗਲਤ ਦਿੱਤਾ ਗਿਆ ਹੈ । 'ਤੇਤ੍ਰੀ' ਸ਼ਾਇਦ ਹੋਵੇ !

Digitized by Panjab Digital Library | www.panjabdigilib.org

ਗੋਇੰਦਵਾਲ ਹੂ ਤੇ ਤੁਰੇ, ਰਹੇ ਈਹਾਂ ਆਇ
ਪ੍ਰਥਮ 'ਗੁਰੂ ਕਾ ਚਕ' ਨਾਮ ਸੰਗਜਾ ਪਾਈ ਹੈ।
ਸੁਧਾਸਰ ਜੀ ਕਾ ਤਾਲ ਕਰਯੋ ਪਰਪਕ ਔਰ
ਮੰਦਿਰ ਕੀ ਰਚਨਾ ਭੀ ਕਰਨੀ ਬਤਾਈ ਹੈ।
ਸੋਲਾਂ ਸੈ ਚੌਤੀਸ ਮਾਹਿ ਕਹਤ ਗੁਲਾਬ ਸਿੰਘ,
ਸੁਧਾਸਰ ਜੀ ਕੀ ਭਈ ਰਚਨਾਂ ਸੁਹਾਈ ਹੈ !! ੭

ਅੰਮ੍ਰਿਤਸਰ ਕੋ ਪ੍ਰਭਾਵ

ਚੌਪਈ। ਅੰਮ੍ਰਿਤਸਰ ਪਰ ਕੁਸ਼ਟੀ ਕੋਈ।
ਔਖਧਿ ਤੇ ਦੁਖ ਦੂਰ ਨ ਹੋਈ।
ਨਰ ਨ੍ਹਾਵਨ ਇਕ ਆਯੋ ਧੀਰ।
ਨ੍ਹਾਯੋ ਅੰਮ੍ਰਿਤਸਰ ਕੇ ਨੀਰ॥ ੮
ਜਲ ਕਿਨਕਾ ਕੁੱਸ਼ਟੀ ਮੁਖ ਪਰਯੋ।
ਕੁਸ੍ਟ ਨੱਸ੍ਟ ਦੁਖ ਭੇ, ਸੁਖ ਧਰਯੋ।
ਦੇਵਨ ਲਯੋ ਬਿਬਾਨ ਚਢਾਇ।
ਸੂਰਗਾਪੁਰੀ ਗਯੋ ਸਖ ਪਾਇ॥ ੯

ਕਬਿੱਤ। ਮਹਾ ਮਦਰਾ-ਪੀ, ਮੈਨ ਬੈਨ ਕੇ ਅਲਾਪੀ ਮੂਢ,
ਪਾਪੀ ਦਿਜ-ਸ੍ਰਾਪੀ, ਰੀਝ ਆਮਿਖ ਕੋ ਖਾਏ ਹੈਂ।
ਕੂਰ ਕੇ ਉਚਾਰੀ, ਹੇਮਹਾਰੀ ਬਿਭਚਾਰੀ ਰਤਿ,
ਪਾਪ ਕਰੇ ਭਾਰੀ, ਧੇਨੁ ਦ੍ਵਿਜ ਜਨ ਘਾਏ ਹੈਂ।
ਕਹਿਤ ਗੁਲਾਬ ਸਿੰਘ ਨਿੰਦਾ ਕੇ ਪਰਾਯਨ ਜੇ,
ਗੁਰੂ ਰਾਮਦਾਸ-ਸੁਧਾਸਰ ਆਨ ਨ੍ਹਾਏ ਹੈ।
ਦੇਖਤੇ ਦਿਨੇਸ਼ ਕੇ, ਗਣੇਸ਼ ਕੇ, ਮਹੇਸ਼ ਕੇ;
ਸੁਰੇਸ ਪਦ ਛੀਨਕੈ ਬਿਕੁੰਠ ਪਦ ਪਾਏ ਹੈਂ॥ ੧੦

ਸਵੈਯਾ। ਦਿੱਨ ਅਠਾਰਾਂ ਮਹੀਨੇ ਯਾਰਾਂ,
ਖਟ ਸਾਲ ਹੂ, ਊਪਰ ਗਾਦੀ ਕੇ ਠਾਨੋ !
ਬਰਖ ਅਠਾਈ ਹੂ ਸੇਵਾ ਕਰੀ,
ਦਸ ਮਾਸ ਹੂ, ਬਰਖ ਪਚਾਸ ਹੂ ਮਾਨੋ !
ਦਿਨ ਚੋਦਸ ਕੀ ਅੰਗ ਆਵਖਾ, ਸੰਮਤ
ਸੌਲਾਂ ਸੈ ਤੀਸ ਹੂ ਆਠ ਪਛਾਨੋ !

Digitized by Panjab Digital Library | www.panjabdigilib.org

ਭਾਦੋਂ ਸੁਦੀ ਤਿੱਨ, ਗੋਇੰਦਵਾਲ ਮੈਂ,
ਜੋਤੀ ਹੀ ਜੋਤਿ ਸਮਾਨਿ, ਬਖਾਨੋ !! ੧੧

ਦੋਹਾ। ਰਾਮਦਾਸ ਗੁਰੂ ਪਗ-ਪਦਮ, ਪ੍ਰਨਮੋਂ ਸੀਸ ਨਿਜਾਇ।
ਕਹਿਤ ਗੁਲਾਬਮ੍ਰਿਗਿੰਦ ਸੁਨ, ਸਭ ਕੇ ਸਦਾ ਸਹਾਇ॥ ੧੨

ਦੋਹਾ। ਕਾਮ ਕ੍ਰੋਧ ਤਰਜਨ ਕਰੈਂ, ਗੁਰੂ ਅਰਜੁਨ ਜਗ-ਸ੍ਵਾਮਿ।
ਕਥਾ ਅਬੈ ਤਿਨ ਕੀ ਚਲੀ, ਸੇਵਾ ਕਰਤ ਤਮਾਮਿ॥ ੧੩

ਇਤਿ ਸ੍ਰੀ ਗੁਰੁ-ਪ੍ਰਣਾਲਿਕਾਯਾਂ, ਕਵਿ ਗੁਲਾਬ ਸਿੰਘ
ਕ੍ਰਿਤ, ਬਿਰਚਤੇ; ਚੌਥੀ ਪਾਤਿਸਾਹੀ ਜੀ ਕੀ
ਆਦਿ ਉਤਿਪਤੀ ਕਥਨੰ ਨਾਮ
ਚਤੁਰਥੋ ਪ੍ਰਕਰਣ ਸਮਾਪਤੰ
੪ ॥ ਸੁਭਮਸਤੁ ॥

ਤ੍ਰਿਭੰਗੀ ਛੰਦ। ਗਿਰਧਰ ਹਿਤਵਾਰੇ, ਕਲਿਮਲ ਟਾਰੇ,
ਸਦ ਰਖਵਾਰੇ, ਸੁਖਦਾਈ।
ਧਜਾਵਤ ਧਨਏਸਨ, ਜਪੈਂ ਮਹੇਸ਼ਨ,
ਗਿਰਾ ਗਣੇਸ਼ ਸੁਜਸ ਗਾਈ।
ਬਿਧਿ ਬੇਦ ਬਤਾਵਤ, ਅੰਤ ਨ ਆਵਤ,
ਗੁਨਗਨ ਗਾਵਤ, ਜਗਮਾਈ।
ਸੋਭਤ ਗੁਰੂ ਅਰਜੁਨ, ਅਘ ਘਨ ਗਰਜਨਿ,
ਕਰਤੇ ਤਰਜਨਿ, ਭਾ ਭਾਈ॥ ੧

ਅਬ ਗੁਰੂ ਅਰਜੁਨ ਜੀ ਕੀ ਆਦਿ ਉਤਿਪਤੀ ਕੱਥਜਤੇ

ਕਬਿੱਤੁ। ਸੋਢੀਕੁਲ ਗੁਰੂ ਰਾਮਦਾਸ ਜੀ ਕੇ ਧਾਮ,
ਮਾਤਾ ਭਾਨੀ ਜੀ ਕੇ ਗਰਭ ਤੇਂ ਗੋਇੰਦ ਹੂ ਵਾਲ ਮੈ।
ਸੰਮਤ ਸੋਲਾਂ ਸੈ ਦਸ ਵਦੀ ਵਿਸਾਖ ਸਪਤਮੀ
ਸੁਦੀ ਤੇਰਾਂ ਲਿਖਯੋ ਸੁਧਾਸਰੀ ਪ੍ਰਣਾਲਿ ਮੈ।
ਵਿਸਾਖ ਪ੍ਰਵਿਸ੍ਰਾ ਹੀ ਅਠਾਰੈਂ, ਰੋਹਿਣੀ ਨਿਛੱਤ੍ਰ,
ਏਕ ਠੌਰ ਕ੍ਰਿਤਿਕਾ, ਮੰਗਲਵਾਰ ਚਾਲ ਮੈ।
ਦੋਇ ਪਹਿਰ ਰਾਤ ਬੀਤੇ, ਭਯੋ ਹੈ ਜਨਮ ਜਾਨ,*

*੧੮ ਵੈਸਾਖ ਨੂੰ ਸੁਦੀ ੨ ਸੀ, ੭ ਯਾ ੧੩ ਦੋਵੇਂ ਗ਼ਲਤ ਹਨ, ਦਿਨ ਸ਼ੁਕ੍ਰਵਾਰ ਹੈਸੀ।

Digitized by Panjab Digital Library | www.panjabdigilib.org

ਪ੍ਰਥਮ ਬਿਜਾਹੁ ਕਹੌਂ, ਜੈਸੇ ਭੇ ਉਤਾਲ ਮੈਂ ॥ ੨

ਕਬਿੱਤੁ। ਸੰਮਤ ਸੋਲਾਂ ਸੈ ਬਾਈ, ਬੀਸ-ਨਵ ਹੀ ਬਿਸਾਖ,
ਸੂੜ੍ਹੀਏ ਚੰਦਨਦਾਸ ਮਰੂਏ ਗ੍ਰਾਮ ਹੈ।
ਤਾਕੀ ਸੁਤਾ ਰਾਮਦੇਵੀ ਆਈ ਉਪਰੰਤ ਜਬ,
ਕਰਮੋ ਪ੍ਰਿਥੀਏ ਕੀ ਸਵਾਣੀ ਅਭਿਰਾਮ ਹੈ।
'ਮਾਲਿਕ ਅਸੀਂ ਹਾਂ' ਕਹਾ, 'ਤੁਮਰੇ ਸੰਤਾਨ ਨਾਹੀਂ'
ਯਾ ਤੇ ਰਾਮਦੇਵੀ ਕਰਯੋ ਜਤਨ ਕੋ ਕਾਮ ਹੈ।
ਦੂਜਾ ਬਜਾਹੁ ਕਰਵਾਯੋ, ਵਾਸੀ ਥੀ ਲਾਹੌਰ ਹੂੰ ਕੀ,
ਰਿਖਰਾਉ ਜਾਤਿ ਖੱਤ੍ਰੀ, ਸੰਗਤਰਾਇ ਨਾਮ ਹੈ ॥ ੩

ਕਬਿੱਤੁ। ਦੂਜੀ ਠੌਰ ਸੇਖੜੀ ਥੀ, ਡੋਲਾ ਗੰਗਾ ਦੇਵੀ ਜੀ ਕਾ,
ਆਨ ਦੀਆ ਸੋਲਾਂ ਸੌ ਹੀ ਸੰਮਤ ਛਿਤਾਲੀ ਹੈ।
ਹਾੜ੍ਹ ਕੀ ਅਠਾਰਾਂ ਚਾਰ, ਗੁਰੁ-ਮੰਦਿਰੋਂ ਮੇ,
ਬਿਧਿ ਪੂਰਬ ਬਿਆਹੁ ਭਯੋ, ਫਲੀ ਪੁੰਨ-ਡਾਲੀ ਹੈ।
ਕਹੀਂ ਮਾਤਾ ਗੰਗਾ ਕੇ ਪਿਤਾ ਕੋ ਨਾਮ ਕ੍ਰਿਸ਼ਨ ਚੰਦ,
ਮਾਤਾ ਨਾਮ ਧਨਵੰਤੀ, ਦੂਜੀ ਪਰਨਾਲੀ ਹੈ।
ਤਹਾਂ ਲਿਖਯੋ ਰਾਮਦੇਵੀ ਵਾਲੇ ਹੂੰ ਸੁ ਸੰਮਤ ਮੇ
ਗੰਗਾ ਦੇਵੀ ਜੀ ਹੀ ਲਿਖੀ, ਜਾਕੇ ਤੇਜ ਲਾਲੀ ਹੈ ॥ ੪
ਰਾਮਦੇਵੀ ਜੀ ਕਾ ਬਜਾਹੁ ਲਿਖਯੋ ਨਹੀਂ ਹੈ,
ਅਰੁ ਗੰਗਾਦੇਵੀ ਬਜਾਹਿ ਹੂੰ ਕਾ ਸੰਮਤ ਸੁਨੀਜੀਐ।
ਸੰਮਤ ਗ੍ਰੰਥ ਜੀ ਕੀ ਬੀੜ ਕਾ ਲਿਖਯਾ ਹੈ,
ਅਰੁ ਰਾਮਗਤੁ ਗ੍ਰੰਥ ਜੀ ਕੀ ਬੀੜ ਰਚੀ ਲੀਜੀਐ।
ਭਾਈ ਗੁਰਦਾਸ ਜੀ ਤੇ ਲਿਖਵਾਯੋ, ਸੰਮਤ ਹੂੰ,
ਸੋਲਾਂ ਸੈ ਇਕਾਠ, ਭਾਦੋਂ ਸੁਦੀ ਪੈ ਪਤੀਜੀਐ।
ਏਕਮ ਕੋਂ ਬੀੜ ਤਯਾਰ ਹੋਈ, ਅਰੁ ਏਕ ਠੌਰ,
ਸੰਮਤ ਸੋਲਾਂ ਸੈ ਤਿਰਵਿੰਜਾ ਹੂੰ ਪਿਖੀਜੀਐ ॥ ੫

ਕਬਿੱਤ। ਰਾਮਸਰ ਜੀ ਕੇ ਗੁਰੂ ਗ੍ਰੰਥ ਜੀ ਕੀ ਬੀੜ ਸੰਗ,
ਉਦਮ ਭਯੋ ਹੈ ਏਕ ਸੁਤ ਨਾਮ ਗਾਯੋ ਹੈ।
ਸਾਹਿਬ ਹਰਿਗੋਬਿੰਦ, ਸੋਲਾਂ ਸੌ ਹੂ ਤਿਰਵਿੰਜਾ
ਸੰਮਤ, ਪ੍ਰਵਿਸ੍ਟਾ ਹਾੜ ਇਕੀਵੇਂ ਹੂੰ ਜਾਯੋ ਹੈ।
ਪਾਤਿਸ਼ਾਹੀ ਪੰਚਮੀ ਕੀ ਆਉ ਟਿੱਕੇ ਸਮੇ ਸਾਲ
ਬੀਸ ਆਠ, ਮਾਸ ਚਾਰ, ਦਿਨ ਗਯਾਰਾਂ ਗਾਯੋ ਹੈ।

Digitized by Panjab Digital Library | www.panjabdigilib.org

ਤਰਨ ਤਾਰਨ ਚੌਥੀ ਪਾਤਿਸ਼ਾਹੀ ਕੋ ਆਰੰਭਯੋ,
ਇਨਹੂੰ ਨੇ ਕੀਯੋ ਹੈ ਸੰਪੂਰਨ ਬਤਾਯੋ ਹੈ ॥ ੬
ਕਬਿੱਤ। ਚਵ੍ਹੀ ਸਾਲ, ਨਵ ਮਾਸ, ਇਕ ਦਿਨ ਗਾਦੀ ਪਰ
ਰਹੇ ਤਨ ਸਾਰੀ ਹੀ ਕੀ ਆਯੁ ਸੁਨੋ ਸਾਰ ਹੈ !
ਤਿਰਵੰਜਾ ਸਾਲ, ਇਕ ਮਾਸ, ਬਾਰਾਂ ਦਿਨ ਹੂੰ ਕੀ
ਸੰਮਤ ਸੋਲਾਂ ਸੈ ਤ੍ਰੇਠ, ਜੇਠ ਸੁਦੀ ਚਾਰ ਹੈ।
ਐਰਾਵਤੀ ਤਟ, ਸ਼ੁਕ੍ਰਵਾਰ ਹੂੰ, ਲਹੌਰ ਬਿਖੈ,
ਕਿਲੇ ਤੀਰ ਜੋਤੀ ਜੋਤਿ ਕੋ ਸਮਾਣ ਧਾਰ ਹੈ।
ਭਯੋ ਜਲਦਾਗ, ਉਪ੍ਰੰਤ ਆਗਦਾਹ ਕਹੈਂ,
ਐਸੇ ਤਨ ਤਜਾਗ ਗਏ, ਭਏ ਅਵਤਾਰ ਹੈ ॥ ੭
ਸਵੈਯਾ। ਸੰਮਤ ਸੋਲਾਂ ਸੌ ਸੱਤਰ ਆਠ ਹੂੰ,
ਜੇਠ ਸੁਦੀ ਚੌਥੀ, ਸੋਮ ਹੂੰ ਵਾਰ ਹੈ।
ਜੇਠ ਕਾ ਖੋੜਸ ਤੀਨ ਪ੍ਰਵਿਸ੍ਟਾ ਹੂੰ,
ਸਾਤ ਘੜੀ ਰਹੀ ਰੈਨ ਬਿਚਾਰ ਹੈ।
ਗੰਗ ਹੂ ਦੇਵੀ ਬਕਾਲੇ ਗ੍ਰਾਂਵ ਮੈ,
ਨੀਰ ਕੋ ਦਾਗ ਸਮਾਈ ਸੁਧਾਰ ਹੈ।
ਭਵ ਕੇ ਪ੍ਰਤਿਪਾਰ ਕਰੈ ਰਖਵਾਰ,
ਚਲੀ ਤਾਕੀ ਕਥਾ, ਛਿਵੇਂ ਅਵਤਾਰ ਹੈ ॥੮
ਦੋਹਰਾ। ਗੁਰੁ ਅਰਜੁਨ ਅਰਬਿੰਦ-ਪਗ, ਬਾਰੰਬਾਰ ਨਮਾਮ।
ਨਮੋ ਗੁਲਾਬ ਮ੍ਰਿਗਿੰਦ ਕੀ, ਕਰਤ ਕਾਮ ਅਭਿਰਾਮ ॥ ੯
ਹਰਿਗੁਬਿੰਦ ਸਾਹਿਬ ਗੁਰੂ, ਸੋਭਾ ਸ੍ਵੇਤ ਸਰੂਪ।
ਇੰਦੁ ਮਨਿੰਦ ਅਨਿੰਦ ਕੀ, ਆਗੇ ਕਥਾ ਅਨੂਪ ॥ ੧੦
ਇਤਿ ਸ੍ਰੀ ਗੁਰੁ-ਪ੍ਰਣਾਲਿਕਾਯਾਂ, ਕਵਿ ਗੁਲਾਬ ਸਿੰਘ
ਬਿਰਚਤ; ਪੰਜਵੀਂ ਪਾਤਿਸ਼ਾਹੀ ਜੀ ਕੀ
ਆਦਿ ਉਤਿਪਤੀ ਕਥਨੰ ਨਾਮ,
ਪਾਂਚਵੋਂ ਪ੍ਰਕਰਣ ਸਮਾਪਤੰ
੫॥ ਸੁਭੰਮਸਤੁ
ਤ੍ਰਿਭੰਗੀ ਛੰਦ। ਨਿਰਮਲ ਨਿਰਜਰ ਧੁਨਿ ਜਯੋ ਧਯ ਵਤ ਮੁਨਿ,
ਗਾਵਤ ਹੈ ਗੁਨਿਜਨ ਚੰਦਨ।
ਸੋਭੇ ਦਿਨਮਣਿ ਮੁਖ, ਦੁਰਜਨ ਦੈ ਦੁਖ;
ਭਗਤਨ ਕੈ ਸੁਖ, ਮੋ ਬੰਦਨ।

Digitized by Panjab Digital Library | www.panjabdigilib.org

੩੬.
ਜੋ ਸਰਬ ਸਹਾਈ, ਅਘਨ ਨਸਾਈ,
ਜਗ ਜਸ ਛਾਈ, ਦੁਖਕੰਦਨ।
ਹਰਿਗੋਵਿੰਦ ਰਾਜੈਂ, ਦਿਖ ਰਵਿ ਲਾਜੈਂ,
ਚਹੁੰ ਦਿਸ ਭਾਜੈਂ, ਕਟਿ ਫੰਧਨ॥੧

ਅਥ ਸਾਹਿਬ ਹਰਿਗੋਬਿੰਦ ਕੀ ਕਥਾ ਕਥਤੇ

ਕਬਿੱਤ। ਗੁਰੂ ਅਰਜੁਨ ਘਰ ਵਿਖੇ ਮਾਤਾ ਗੰਗਾਦੇਵੀ;
ਤਿਨ ਕੇ ਉਦਰ ਹੂੰ ਤੇ ਸੁਘਰ ਪ੍ਰਮਾਨੀਐ।
ਬਾਬੇ ਬੁਢੇ ਰਾਮਦਾਸ ਬਰ ਮਿਸ ਹੂੰ ਕੇ ਜੇ ਹੂੰ;
ਸੰਮਤ ਸੋਲਾਂ ਸੌ ਇਕਵਿੰਜਾ ਜਗ ਜਾਨੀਐ।
ਅੱਸੂ ਕੀ ਇਕੀਸਵੀਂ* ਕੇ ਦਿਨ ਭਯਾ ਬਰ ਮਿਸ;
ਸੋਲਾਂ ਸੈ ਬਵਿੰਜਾਂ ਰਾਜੈ ਸੰਮਤ ਪਛਾਨੀਐ।
ਹਾੜ ਸੁਦੀ ਤੀਸਰੀ, ਅਸਾੜ੍ਹ ਕਾ ਪ੍ਰਵਿਸ੍ਟਾ ਇਕੀ,
ਆਧੀ ਰੈਨ ਪੁਖ ਹੂੰ ਨਿਛੱਤ੍ਰ ਭਲੇ ਮਾਨੀਐ* ॥੨

ਕਬਿੱਤੁ। ਐਤਵਾਰ ਸਜਾਮ ਪੱਖ ਥਿਤ ਕੇ ਵਿਰਵੇ ਬਿਨਾਂ,†
ਗੁਰੂ-ਰਮਦਾਸਪੁਰ ਸੂਰ ਉਰ ਧਯਾਵਤੇ।
ਤਾਤੇ ਚਾਰ ਕੋਸ ਹੈ ਵਡਾਲੀ ਮੈ ਜਨਮ ਭਯੋ,
ਸੁੰਦਰ ਸੁਘਰ ਚਾਰ ਮਹਲ ਬਤਾਵਤੇ।
ਪ੍ਰਥਮ ਵਿਵਾਹੁ ਸੋ ਸੰਮਤ ਸੋਲਾਂ ਸੈ ਇਕਾਠ
ਭਾਦਰੋਂ ਕੀ ਬਾਇਵੀਂ ਹੂੰ ਜਾਨ ਮਨਭਾਵਤੇ।
ਨਾਰਾਇਣਦਾਸ ਸੂਹੜੀ ਖਤ੍ਰੀ ਡਲੇ ਕੀ ਵਾਸੀ,
ਅਰੁ ਇਨ ਹੂੰ ਕੀ ਨਾਰੀ ਦਯਾਕੌਰ ਗਾਵਤੇ॥੩
ਇਨ ਕੀ ਦਮੋਦਰੀ ਜੀ ਆਈ ਸੁਤਾ ਸਾਤ ਸਾਲ
ਆਯੂ ਮੈ ਬਯਾਹੁ ਇਹੁ ਉਤਸਾਹੁ ਗਾਯੋ ਹੈ।
ਪ੍ਰਥਮ ਸੋ ਪੰਜਵੀ ਹੂੰ ਪਾਤਿਸ਼ਾਹੀ ਕਰ ਗਏ,
ਬਯਾਹੁ ਦੂਜੋ ਕਾਸਮੀਰੋਂ ਆਨਕੇ ਕਰਾਯੋ ਹੈ।‡

---

*੨੧ ਹਾੜ ਨੂੰ ਵਦੀ ੮, ਵੀਰਵਾਰ ਤੇ ਨਛੱਤ੍ਰ ਰਵਤੀ ਸਾ।

†੩੦ ਜੇਠ (ਹਾੜ ਸੁਦੀ ੧) ਨੂੰ ਐਤਵਾਰ ਪੁੱਖ ਨਛੱਤ੍ਰ ਠੀਕ ਸੀ।

‡ਛੇਵੇਂ ਪਾਤਿਸ਼ਾਹ ਕਸ਼ਮੀਰ, ਸੰਮਤ ੧੬੭੬ ਦੇ ਅੰਤ ਵਿਚ, ਜਹਾਂਗੀਰ ਦੇ ਨਾਲ ਹੀ ਗਏ ਹਨ। ਇਹ ਛੇ ਸੱਤ ਸਾਲ ਦਾ ਫਰਕ ਅਗਲੇ ਸਾਰੇ ਸਮਾਚਾਰਾਂ ਵਿਚ ਲਿਖਾਰੀ ਪਾਈ ਚਲੇ ਜਾਂਦੇ ਹਨ।

Digitized by Panjab Digital Library | www.panjabdigilib.org

ਸੰਮਤ ਹੂੰ ਸੋਲਾਂ ਸੈ ਸੱਤਰ ਹੂੰ ਵਿਸਾਖ ਪ੍ਰੈਲੀ
ਰਾਮਦਾਸਪੁਰ ਹੂੰ ਕੀ ਵਾਸੀ ਸੋਂ ਬਤਾਯੋ ਹੈ ।
ਲੰਮੇ ਜਾਤ ਖੱਤ੍ਰੀ ਹਰੀਚੰਦ ਅਰੁ ਹਰਿਦੇਈ
‡ਅਸਲ ਖਰੜੇ ਵਿਚ '१६੫३' ਲਾਲ ਰੰਗ ਨਾਲ ਲਿਖਿਆ ਹੈ। ਮਗਰੋਂ ਕਿਸੇ ਨੇ ਨੀਲੀ ਸਿਆਹੀ ਨਾਲ ३ ਨੂੰ ਛਾਂਗ ਕੇ २ ਬਨਾਉਣ ਦਾ ਜਤਨ ਕੀਤਾ ਹੈ। ਪਰ ਅਗਾਹਾਂ ਪਾਤਿਸਾਹੀ ੬ ਦਾ ਜਨਮ ਸੰਮਤ १६੫२ ਹੀ ਲਿਖਿਆ ਹੈ।

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਪਾਤਿਸਾਹੀ ੬

ਸੋਢੀ ਕੁਲ ਗੁਰੂ ਅਰਜਨ ਕੇ ਘਰ ਮਾਤਾ ਗੰਗਾ ਦੇਵੀ ਕੇ ਉਦਰ ਤੇ। ਬਾਬੇ ਬੁਢੇ ਰਾਮਦਾਸ ਕੇ ਬਰ ਮਿਸ। ਜੋ ਸੰਮਤ ੧੬੫੧ ਅਸੂ ਕੀ ਇਕੀਸਵੀਂ ਕੇ ਦਿਨ ਪ੍ਰਕਾਸ ਭਯਾ। ਸੰਮਤ ੧੬੫੨ ਅਸਾੜ ਸੁਦੀ ੩ ਅਸਾੜ ਕਾ ਪ੍ਰਵਿਸਟਾ ੨੧ ਇਕੀਮਾ। ਅਧੀ ਰਾਤ ਪੁਖ ਨਿਛੱਤ੍ਰ ਰਵਿਵਾਰ ਕ੍ਰਿਸਨ ਪਖ ਥਿਤ ਕੇ ਬਿਰਵੇ ਬਿਨਾ। ਰਾਮਦਾਸ ਪੁਰ ਤੇ ਚਾਰ ਕੋਸ ਵਡਾਲੀ ਬਿਖੇ ਜਨਮ ਭਯਾ।

ਮਹਲ ਚਾਰ। ਪਹਿਲਾ ਬਿਵਾਹ ਸੰਮਤ ੧੬੬੧ ਭਾਦੋਂ ਕੀ ੨੨ ਬਾਈਵੀ ਨਾਰਾਇਣ ਦਾਸ ਸੂਹੜੀ ਡਲੇ ਕੀ ਵਾਸੀ। ਅਰ ਇਸ ਕੀ ਇਸਤ੍ਰੀ ਦਯਾ ਕੌਰ। ਇਨ ਕੀ ਪੁਤ੍ਰੀ ਦਮੋਦਰੀ ਜੀ ਆਈ ਸਪਤ ਬਰਖ ਕੀ ਉਮਰ ਮੈ। ਇਹ ਬਿਵਾਹ ਸਾਹਿਬ ਪੰਜਵੀ ਪਾਤਿਸਾਹੀ ਕਰ ਗਏ। ਦੂਸਰਾ ਬਿਵਾਹ ਕਸਮੀਰ ਤੋਂ ਆਨ ਕੇ ਆਪ ਕੀਤਾ। ਸੰਮਤ ੧੬੭੦ ਵਿਸਾਖ ਕੀ ਪਹਿਲੀ ਰਾਮਦਾਸ ਪੁਰ ਕੀ ਵਾਸੀ। ਲੰਮੇ ਜਾਤਿ ਖਤ੍ਰੀ ਹਰੀ ਚੰਦ ਅਰ ਹਰਦੇਈ ਕੇ ਘਰ ਢੁਕੇ। ਨਾਨਕੀ ਜੀ ਵਿਵਾਹੀ। ਤੀਸਰਾ ਵਿਵਾਹ ਦਯਾਰਾਮ ਮਰਵਾਹਾ ਅਰ ਭਾਗਣ ਕੇ ਘਰ ਢੁਕੇ ਰਾਵੀ ਤੇ ਤੀਨ ਕੋਸ ਮੰਡਿਯਾਲੀ ਬਿਖੇ। ਸੰਮਤ ੧੬੭੨ ਸਾਵਣ ਕੀ ਗਿਆਰਵੀ ਫੇਰੇ ਲੀਤੇ। ਮਹਲ ਮਰਵਾਹੀ ਕਰਕੇ ਹੀ ਪ੍ਰਸਿਧ ਹੈ। ਪਰੰਤੂ ਨਾਮ ਮਹਾਦੇਵੀ ਹੈ। ਇਹ ਬਿਵਾਹ ਨਾਨਕ ਮਤੇ ਅਰ ਗੰਗਾ ਤੇ ਆਨ ਕੇ ਕੀਤਾ। ਚੌਥਾ ਲਾਹੌਰ ਕੇ ਕਾਜੀ ਕੀ ਧੀ ਕੌਲਾ ਸੰਮਤ ੧੬੭੮ ਜੇਠ ਸੁਦੀ ੩ ਸਾਹਿਬ ਕੀ ਦਾਸੀ ਭਈ। ਲਹੌਰ ਤੇ ਰਾਮਦਾਸ ਪੁਰੇ ਗੁਰਾਂ ਦੇ ਨਾਲ ਚਲੀ ਆਈ। ਮਾਘ ਕੀ ਦੂਸਰੀ ਸੁਦੀ ਪੰਚਮੀ ਸੋਮਵਾਰ ਕੌਲਸਰ ਕਾ ਪ੍ਰਕਾਸ਼ ਭਯਾ। ਕੌਲਾ ਕੇ ਨਾਮ ਪਰ।

ਪੁਤ੍ਰ ੫। ਪੁਤ੍ਰੀ ੧। ਪ੍ਰਿਥਮ ਬਾਬਾ ਗੁਰਦਿਤਾ ਮਾਤਾ ਦਮੋਦਰੀ ਤੇ। ਮਾਲਵੇ ਮੈ ਡਰੋਲੀ ਗ੍ਰਾਮ ਬਿਖੇ ਸੰਮਤ ੧੬੭੦ ਕਤਕ ਕੀ ਅਠਮੀ ਕ੍ਰਿਤਕਾ ਨਿਛੱਤ੍ਰ ਅਸੂ ਕੀ ਪੂਰਨਮਾਸੀ ਬੁਧਵਾਰ ਜਨਮੇ। ਇਨ੍ਹਾ ਕਾ ਉਰਧ ਗਮਨ ਸੰਮਤ ੧੬੯੫ ਚੇਤ ਸੁਦੀ ੧੦ ਚਾਰ ਘੜੀ ਦਿਨ

Digitized by Panjab Digital Library | www.panjabdigilib.org

ਰਹਿਦੇ ਕੀਰਤਪੁਰ ਭਯਾ । ਬਛਰਾ ਜਿਵਾਵਣ ਨਮਿਤ । ਉਮਰ ੨੪ ਬਰਖ ੬ ਮਹੀਨੇ ਕੁਛ ਦਿਨ ਘਾਟ । ਅੰਮ੍ਰਿਤਸਰੀ ਪ੍ਰਣਾਲਕਾ ਬਿਖੈ ਇਹ ਸੰਮਤ ਸਾਹਿਬ ਛੀਮੀ ਪਾਤਿਸਾਹੀ ਕਾ ਲਿਖਿਆ ਹੈ। ਅਰ ਤਿਥ ਬਾਬੇ ਕੀ ਦਸਮੀ। ਅਰ ਸਾਹਿਬ ਕੀ ਪੰਚਮੀ। ਸੋ ਅਸਤ ਬਿਅਸਤ ਲਿਖੀ ਹੈ। ਇਹ ਸੁੱਧ ਨਹੀ ਹੈ। ਅਰੁ ਦੂਸਰੀ ਪ੍ਰਣਾਲੀ ਬਿਖੈ ਬਾਬੇ ਕਾ ਸਵਾਰਾ ਸੰਮਤ ੧੬੯੨ ਸੋਲਾ ਸੈ ਬਾਨਵਾ ਅਸੂ ਕੀ ਦਸਮੀ ਲਿਖਿਆ ਹੈ। ਬਾਬੇ ਕਾ ਬਿਵਾਹ ਸੰਮਤ ੧੬੭੮ ਸੋਲਾ ਸਉ ਅਠਤ੍ਰਾ ਸਾਵਣ ਕੀ ਨੌਮੀ ੯ ਨਿਹਾਲ ਕੌਰ ਰਾਮੇ ਖੱਤ੍ਰੀ ਅਰ ਸੁਖਦੇਵੀ ਕੀ ਪੁਤ੍ਰੀ ਸਾਥ ਭਯਾ। ਕਰਤਾਰ ਪੁਰੇ। ਦੂਸਰਾ ਨਾਮ ਅਨੰਤੀ। ਅੰਮ੍ਰਿਤਸਰੀ ਪ੍ਰਣਾਲੀ ਬਿਖੈ ਕਰਮਭਰੀ ਸਾਥ ਲਿਖਿਆ ਹੈ। ਬਾਬੇ ਕੇ ਪੁਤ੍ਰ ਦੋ ਪਹਿਲਾ ਪੁਤ੍ਰ ਧੀਰਮਲ ਸੰਮਤ ੧੬੮੪ ਮਾਘ ਕੀ ਤੇਰੁਵੀ ਦੂਸਰੀ ਮੈ ਸੰਮਤ ੧੬੮੩ ਕਰਤਾਰਪੁਰ ਜਨਮਿਆ। ਦੂਸਰਾ ਮਹਲ ਬਾਬੇ ਕਾ ਦਯਾ ਦੇਵੀ ਰਿਖਰਾਵ ਖਤ੍ਰੀਆਂ ਕੀ ਧੀ ਬਾਬੇ ਨੇ ਸਾਹਿਬਾਂ ਕੀ ਸਲਾਹ ਬਿਨਾਂ ਡੋਲਾ ਲੇ ਲੀਆ। ਸੰਮਤ ੧੬੮੩ ਬਿਖੈ। ਇਹਾ ਬਾਬੇ ਕੇ ਦੋ ਮਹਲ। ਅੰਮ੍ਰਿਤਸਰੀ ਪ੍ਰਣਾਲੀ ਬਿਖੈ ਗੁਰੂ ਹਰਿ ਰਾਇ ਕਾ ਜਨਮ ਦਇਆ ਦੇਈ ਤੇ ਲਿਖਿਆ ਹੈ। ਅਰ ਦੂਸਰੀ ਪ੍ਰਣਾਲੀ ਬਿਖੈ ਨਿਹਾਲ ਕੌਰ ਤੇ ਜੋ ਬਾਬੇ ਗੁਰਦਿਤੇ ਕੇ ਦੂਸਰੇ ਪੁਤ੍ਰ ਹੈਂ ਕੀਰਤਪੁਰ ਬਿਖੈ ਜਨਮੇ ਲਿਖੇ ਹੈਂ। ਇਨਾ ਕੇ ਜਨਮ ਕਾ ਸੰਮਤ ਆਦਿਕ ਜਹਾਂ ਪਾਤਿਸਾਹੀ ਲਿਖਾਂਗੇ ਉਸ ਜਗਾ ਲਿਖਾਂਗੇ।

ਸ੍ਰੀ ਚੰਦ ਜੀ ਨੈ ਉਦਾਸੀਨ ਪੱਧਿਤ ਬਾਬੇ ਕਉ ਸਉਪੀ। ਬਾਬੇ ਤੇ ਚਾਰ ਧੂੰਏ ਭਏ। ਪ੍ਰਿਥਮ ਅਲਮਸਤ ਪਹਿਲਾ ਨਾਮ ਕਮਲੀਆ। ਸੇਵਾ ਕਰਕੇ ਪਦਵੀ ਪਾਈ। ਦੂਸਰੇ ਬਾਲੂ ਹਸਨਾ। ਸਾਹਿਬ ਛੇਵੀ ਪਾਤਿਸਾਹੀ ਕੇ ਘੋੜੇ ਕੀ ਟਹਲ ਕਰਤਾ ਹੋਤਾ ਥਾ। ਹਸਮੁਖ ਥਾ। ਸਾਹਿਬਾਂ ਨੇ ਬਾਲੂ ਤੇ ਬਾਲੂ ਹਸਨਾ ਖਿਤਾਬ ਦੀਆ। ਸੇਵਾ ਤੇ ਧੂੰਏ ਕੀ ਬਖਸ਼ਸ ਪਾਈ। ਤੀਸਰੇ ਫੂਲ। ਚੌਥੇ ਗੋਂਦ। ਜਿਸ ਦੇ ਫਕੀਰ ਸਾਹੋ ਕੇ ਭੀ ਕਹਾਵਤੇ ਹੈਂ। ਇਹ ਵਾਰਤਾ ਬਾਬੇ ਗੁਰਦਿਤੇ ਕੀ ਸਮਾਪਤ ਭਈ।

ਦੂਸਰਾ ਸਾਹਿਬਜਾਦਾ ਸਾਹਿਬ ਛੇਮੀ ਪਾਤਿਸਾਹੀ ਕਾ ਸੂਰਜ ਸਿੰਘ। ਮਾਤਾ ਮਰਵਾਹੀ ਤੇ ਜਨਮ ਲੀਆ ਕਰਤਾਰ ਪੁਰੇ। ਸੰਮਤ ੧੬੭੪

Digitized by Panjab Digital Library | www.panjabdigilib.org

ਕਤਕ ਕੀ ਤੇਈਸਵੀ ਰੋਹਣੀ ਕੇ ਤੀਸਰੇ ਚਰਣ ਬਿਖੈ । ਦੂਸਰੀ ਠੌਰ ਬਿਖੈ ਸੰਮਤ ੧੬੭੫ ਹਾੜ ਕੀ ਤੀਸਵੀ ਭੀ ਦੇਖੀ ਹੈ। ਸੁਭਿਖੀਆਂ ਖਤ੍ਰੀਆਂ ਕੈ ਘਰ ਬਿਵਾਹ ਕਰਤਾਰ ਪੁਰੇ ਕੀਆ । ਸੰਮਤ ੧੬੮੬ ਬਸਾਖ ਕੀ ਸਤਾਈਵੀ। ਪ੍ਰੇਮ ਚੰਦ ਸਿਲੀ ਕੇ ਘਰ। ਅਨੰਦਪੁਰੀਏ ਸੋਢੀ ਸਭ ਇਨ ਕੀ ਸੰਤਾਨ। ਸੂਰਜ ਸਿੰਘ ਕੇ ਪੁਤ ਕਾ ਨਾਮ ਦੀਪ ਚੰਦ।

ਤੀਸਰਾ ਪੁਤਰ ਅਣੀਰਾਇ ਦਮੋਦਰੀ ਜੀ ਕੇ ਉਦਰ ਤੇ ਸੰਮਤ ੧੬੭੫ ਮੰਘਰ ਕੀ ਸੋਲ੍ਹਵੀ ਵਿਸਾਖਾ ਨਿਛੱਤਰ ਚਾਰ ਘੜੀ ਦਿਨ ਰਹੇ। ਬਿਵਾਹ ਭਯਾ ਸੰਮਤ ੧੬੮੪ ਕੁਮਰਾਵਾ ਖਤ੍ਰੀਆ ਕੇ ਘਰ।

ਚੌਥਾ ਸਾਹਿਬਜਾਦਾ ਅਟਲ ਰਾਇ ਮਾਤਾ ਮਰਵਾਹੀ ਕੇ ਉਦਰ ਤੇ ਸੰਮਤ ੧੬੭੭ ਕਤਕ ਦੀ ਪੂਰਨਮਾਸੀ ਬੁਧਵਾਰ ਬਾਈਵਾ ਪ੍ਰਵਿਸ਼ਟਾ ਅਨੁਰਾਧਾ ਨਿਛੱਤ੍ਰ ਸਾਤ ਘੜੀ ਰਾਤ ਰਹੇ ਸ੍ਰੀ ਹਰਿਗੋਵਿੰਦਪੁਰੇ ਬਿਖੈ। ਸੰਮਤ ੧੬੮੫ ਅਸੂ ਕੀ ਦਸਮੀ ਵਦੀ ਨੌਮਾ ਪ੍ਰਵਿਸਟਾ। ਸਿਖ ਕੇ ਪੁਤ੍ਰ ਕੋ ਪ੍ਰਾਣਦਾਨ ਦੇਣੇ ਕੇ ਮਿਸ ਸਤ ਬਰਖ ਦਸ ਮਹੀਨੇ ਦਸ ਦਿਨ ਕੀ ਉਮਰ ਮੈ ਰਾਮਦਾਸ ਪੁਰ ਵਿਖੈ (ਚਲਾਣਾ ਭਯਾ) ਕੌਲਸਰ ਉਪਰ ਸਸਕਾਰ ਕੀਆ।

ਪੰਜਵੇਂ ਸਾਹਿਬਜਾਦੇ ਸਾਹਿਬ ਤੇਗ ਬਹਾਦਰ ਨਾਨਕੀ ਜੀ ਕੇ ਉਦਰ ਤੇ ਰਾਮਦਾਸਪੁਰ ਬਿਖੈ। ਇਨ੍ਹਾ ਕਾ ਸੰਮਤ ਆਦਿਕ ਸਭ ਨਿਰਨਾ ਜਹਾ ਪਾਤਿਸਾਹੀ ਲਿਖਾਂਗੇ ਉਥੇ ਲਿਖਾਂਗੇ।

ਖਸਟਮੀ ਪੁਤ੍ਰੀ ਬੀਬੀ ਵੀਰੋ ਦਮੋਦਰੀ ਜੀ ਕੇ ਉਦਰ ਤੇ ਸੰਮਤ ੧੬੭੮† ਸਾਵਣ ਕਾ ਗਿਆਰ੍ਹਵਾਂ ਪ੍ਰਵਿਸਟਾ ਕ੍ਰਿਤਕਾ ਨਿਛੱਤ੍ਰ ਬਿਰਖ ਲਗਨ ਪਹਰ ਰਾਤ ਰਹੀ ਜਨਮੀ। ਮਾਲਵੇ ਕੀ ਵਾਸੀ ਖੋਸਲੇ ਜਾਤਿ ਧਰਮਚੰਦ ਖਤ੍ਰੀ ਕਾ ਸਪੁਤ੍ਰ ਸਾਧੂ ਰਾਮ ਨਾਮ ਸਪਤ ਬਰਖ ਕੀ ਉਮਰ ਬਿਖੈ ਬਿਆਹਣੇ ਆਇਆ। ਸੰਮਤ ੧੬੭੮ ਜੇਠ ਕੀ ਛਬੀਹਵੀ। ਅੰਮ੍ਰਿਤਸਰ ਸਾਰੀ ਸਮਗਰੀ ਤੁਰਕਾ ਕੀ ਫੌਜ ਆਣੇ ਕਰਕੇ ਛੋਡ ਕਰ ਝਬਾਲ ਅੰਮ੍ਰਿਤਸਰ ਤੇ ਸਤ ਕੋਸ ਜਾ ਬਿਵਾਹ ਕੀਆ।

---

†ਭਾਈ ਗੁਲਾਬ ਸਿੰਘ ਨੇ ਜਨਮ ਸੰਮਤ ੧੬੭੩ ਲਿਖਿਆ ਹੈ। (ਦੇਖੋ ਪੰਨਾ ੪੦) ਅਰੁ ਇਹੋ ਸਹੀ ਜਾਪਦਾ ਇ । ਕਿਉਂ ਜੋ ੧੬੭੯ ਵਿੱਚ ਵਿਆਹ ਤਦ ਹੀ ਹੋ ਸਕਦਾ ਹੈ।

Digitized by Panjab Digital Library | www.panjabdigilib.org

੧੦੪.

ਸੰਮਤ ੧੬੬੩ ਹਾੜ ਦੀ ੧ ਏਕੋਂ । ਸਾਹਿਬ ਪੰਜਵੀ ਪਾਤਿਸਾਹੀ ਕੇ ਸਵਾਰੇ ਕੇ ਦਿਨ ਦਸਤਾਰ ਬਾਧੀ ਬੁਢੇ ਰਮਦਾਸ ਨੇ ਟਿਕਾ ਦੀਆ। ਉਸ ਸਮੇ ਉਮਰ ਗਿਆਰਾ ਬਰਖ ਕੀ । ਅਰ ਜੋ ਸੋਲਾਂ ਸਉ ਤ੍ਰਿਵੰਜਾ ਸੰਮਤ ਜਨਮ ਕਾ ਰਖੀਏ ਤਉ ਦਸ ਬਰਖ ਕੀ।

ਅਸਾੜ ਕੀ ਪਾਂਚਵੀ ਸੰਮਤ ੧੬੬੩ ਅਕਾਲ ਬੁੰਗੇ ਕੀ ਨੀਵ ਰਾਖੀ। ਅਸਾੜ ਸੁਦੀ ੧੦ ਰਵਿਵਾਰ ਅਸਾੜੁ ਕਾ ਛਬੀਹਾ ਪ੍ਰਵਿਸਟਾ। ਅਭਖੇਖ ਕਰਕੇ ਅਕਾਲ ਬੁੰਗੇ ਤਖਤ ਪਰ ਬਿਰਾਜੇ।

ਬਡੀ ਚੌਂਕੀ ਕਾ ਅਰੰਭ ਨਮਾਣੀ ਕੇ ਦਿਨ ਕੀਤਾ । ਤੀਨ ਜੁਧ ਕਰੇ। ਪਹਿਲਾ ਜੁਧ ਬੀਬੀ ਵੀਰੋ ਕੇ ਬਿਵਾਹ ਕੇ ਨਿਕਟ ਰਮਦਾਸ ਪੁਰੇ ਤੇ ਨਿਕਲੇ। ਮੁਗਲ ਖ਼ਾਂ ਨਾਮ ਮਲੇਛ ਸਪਤ ਹਜਾਰ ਸੈਨਾ ਸੰਜੁਗਤ ਸੰਮਤ ੧੬੭੯ ਹਾੜ ਕੀ ਚੌਧਵੀ ਮਾਰਿਆ ॥

ਅੰਮ੍ਰਿਤਸਰ ਤੇ ਫੌਜ ਪਿਛੇ ਗਈ।ਕਰਤਾਰਪੁਰ ਜਾ ਲੜਾਈ ਹੋਈ। ਇਹ ਕੌਲਾ ਕੇ ਲਿਆਵਣੇ ਕਰਕੇ ਭਯਾ। ਦੂਸਰਾ ਜੁਧ ਪੈਂਦੇ ਖਾਂ ਮਾਰਿਆ ਸਾਤ ਹਜਾਰ ਮਲੇਛ ਸਮੇਤ। ਸੰਮਤ ੧੬੮੧ ਕਰਤਾਰਪੁਰ ਵਿਚ ਹੋਆ ॥

ਫਿਰ ਸਾਹਿਬ ਮਾਲਵੇ ਚਲੇ ਗਏ । ਜਬ ਬਿਧੀ ਚੰਦ ਤੇ ਘੋੜੇ ਮੰਗਵਾਇ ਲੀਏ । ਤਬ ਲਲਾ ਕੰਬਰ ਬਾਈ ਹਜਾਰ ਸੈਨਾ ਸੰਜੁਗਤ ਦਿਲੀ ਵਾਲੋਂ ਕੇ ਭੇਜੇ ਆਏ । ਮਾਲਵੇ ਮਰਾੜ ਕੇ ਪਾਸ ਲਹਰੇ ਜੁਧ ਹੋਇਆ। ਸਭ ਮਾਰੇ । ਸੋ ਅਸਥਾਨ ਗੁਰੂਸਰ ਕਰਕੇ ਪ੍ਰਸਿੱਧ ਹੈ। ਸੰਮਤ ੧੬੮੮ ਮਾਘ ਕੀ ਸੋਲ੍ਹਵੀ । ਪਰੰਤ ਸਾਹਿਬ ਪਹਾੜ ਕਉ ਚਲੇ ਗਏ। ਕੀਰਤਪੁਰ ਜਾਇ ਬਸਾਇਆ।

ਦੋ ਵਰਖ ਪਹਲਾਂ ਬਾਬੇ ਗੁਰਦਿਤੇ ਕਉ ਮਹਲਾਂ ਸਮੇਤ ਪਹਾੜ ਕੀ ਤਰਫ ਭੇਜ ਦੀਆ ਥਾ ਸੋ ਸੰਮਤ ੧੬੮੬ ਅਸਾੜ ਕੀ ਦੂਸਰੀ ਬਾਬੇ ਨੇ ਕਰਤਾਰਪੁਰ* ਕੀ ਨੀਵ ਰਖੀ ਹੋਈ ਥੀ ॥

ਅਰ ਚੌਥਾ ਜੁਧ ਜੋ ਰਹੀਲੇ ਕਾ ਕਹਤੇ ਹੈਂ ਸੋ ਇਸ ਕੀ ਵਾਰ ਨਹੀ। ਇਸ ਤੇ ਇਹ ਨਿਸਚਿਤ ਨਹੀ। ਅਰ ਅੰਮ੍ਰਿਤਸਰੀ ਪ੍ਰਣਾਲੀ ਮੈ ਜੋ ਲਿਖਿਆ ਹੈ ਕਿ ਪਹੋਏ ਤੇ ਮਾਘ ਕੇ ਮਹੀਨੇ ਸਾਹਿਬ ਪੰਜਵੀ ਪਾਤਿਸਾਹੀ (ਕੀ) ਨਰਾਇਣ ਬਲੀ ਕ੍ਰਿਯਾ ਕਰਾਈ । ਫਿਰਤੇ ਦੁਆਬੇ

*ਏਥੇ 'ਕੀਰਤਪੁਰ' ਚਾਹੀਏ । 'ਕਰਤਾਰਪੁਰ' ਗ਼ਲਤੀ ਨਾਲ ਲਿਖਿਆ ਗਿਆ ਜਾਪਦਾ ਇ।

Digitized by Panjab Digital Library | www.panjabdigilib.org

ਮੈ ਰਹੇ । ਰਹੀਲਾ ਮੁਲ ਲੇਕਰ ਸਹਰ ਬਸਾਇਆ । ਬਾਬਾ ਬੁਢੇ ਰਮਦਾਸ ਹਰਿਗੋਵਿੰਦਪੁਰਾ ਨਾਮ ਰਖਿਆ ।

ਸੋ ਨਿਸਚਤ ਤਾਂ ਐਸੇ ਹੈ । ਜੋ ਚੰਦੂ ਕੀ ਜਗੀਰ ਮੈ ਓਹ ਜਾਗਾ ਥੀ । ਸੋ ਜਬ ਦਿਲੀ ਵਾਲੋਂ ਕੇ ਰੋਬਰੋ ਉਸ ਤੇ ਸਾਹਿਬ ਪੰਜਵੀ ਪਾਤਿਸਾਹੀ ਕਾ ਬਦਲਾ ਲੀਆ ਤਬ ਸੋ ਜਾਗਾ ਗੁਰਾਂ ਪਾਸ ਆਈ। ਢਾਹਿ ਨਵੇਂ ਸਿਰੇ ਬਸਾਈ।

ਅਰ ਮਹਲਾਂ ਕੇ ਚਲਾਣੇ ਇਸ ਰੀਤ ਹੈਂ ।

ਸਮਤ ੧੬੭੯ ਅਸਾੜ ਕੀ ਪਹਿਲੀ ਕੌਲਾ ਕਾ ਚਲਾਣਾ ਕਰਤਾਰ ਪੁਰੇ ਭਯਾ । ਆਠ ਦਿਨ ਪਹਿਲੇ ਉਧਰ ਭੇਜ ਦੀਆ । ਇਕ ਬਰਖ ਕਈ ਦਿਨ ਆਵਣੇ ਤੇ ਪਿਛੇ ਸਮਾਈ।

ਪੁਨ ਦਮੋਦਰੀ ਜੀ ਮਾਲਵੇ ਡਰੋਲੀ ਬਿਖੇ ਸੰਮਤ ੧੬੮੮ ਸਾਵਣ ਸੁਦੀ ੧੨ ਬੁਧਵਾਰ ਕੇ ਦਿਨ ਸਮਾਈ।

ਉਪਰੰਤ ਸੰਮਤ ੧੬੯੩ ਅਸਾੜ ਕੀ ਮਾਵਸ ਗਿਆਰਵਾਂ ਪ੍ਰਵਿਸਟਾ ਦੋ ਘੜੀ ਰਾਤ ਰਹੇ ਕੀਰਤਪੁਰ ਬਿਖੇ ਮਹਾਦੇਵੀ ਮਰਵਾਹੀ ਕਰਕੈ ਪ੍ਰਸਿਧ ਸਮਾਈ।

ਅਰ ਨਾਨਕੀ ਜੀ ਸਾਹਿਬਾ ਤੇ ਪੀਛੇ ਸਮਾਈ ਹੈ।

ਇਸ ਪ੍ਰਕਾਰ ਸਾਹਿਬ ਛੀਵੀ ਪਾਤਿਸਾਹੀ ਸਵਾਰੇ ਤੇ ਤਿੰਨ ਬਰਖ ਪਹਿਲਾਂ ਗੁਰਿਆਈ ਕਾ ਟਿਕਾ ਹਰਿ ਰਾਇ ਜੀ ਕਉ ਦੇਕਰ ੩੭ ਸੈਂਤੀ ਬਰਖ ਦਸ ਮਹੀਨੇ ਇਕ ਦਿਨ ਸੰਪਰਦਾਯ ਪ੍ਰਬਰਤਕ ਪਾਤਿਸਾਹੀ ਕਰਕੇ ਅੰਤ ਕੋ ਕਲੂਰ ਦੇਸ ਕੀਰਤਪੁਰ ਬਿਖੈ ਸਤੁਦ੍ਰਵ ਕੇ ਤਟ ਗੁਫਾ ਵਿਖੇ ਪਾਂਚ ਦਿਨ ਬਿਰਾਜ ਕਰ। ਸਰੀਰ ਸਾਰੇ ਕੀ ਆਯੂ ੪੮ ਬਰਖ ੯ ਮਹੀਨੇ ੨‡ ਦਿਨ ਕੀ ਬਿਖੇ ਸੰਮਤ ੧੭੦੧ ਚੇਤ ਸੁਦੀ ੫ ਪੰਚਮੀ ਸੁਕ੍ਰਵਾਰ ਨੌ ਘੜੀ ਰਾਤ ਗਏ ਜੋਤੀ ਜੋਤਿ ਸਮਾਣਾ ਭਯਾ । ਅਰ ਸੰਮਤ (੧੬੯੫) ਚੇਤ ਸੁਦੀ ਦਸਮੀ ਜੋ ਕਹੀ ਕਹੀ ਲਿਖੀ ਹੈ ਸੋ ਅਸੁਧ ਹੈ। ਇਹ ਦਿਨ ਬਾਬੇ ਗੁਰਦਿਤੇ ਕੇ ਚਲਾਣੇ ਕਾ ਹੈ ।

ਪਾਤਸਾਹੀ ੬ ॥

---

‡ਸੰਨਤ ੧੬੫੨ ਹਾੜ ੨੧ ਦਾ ਜਨਮ ਮੰਨ ਕੇ, ੬ ਚੇਤ ਸੁਦੀ ੫ (ਮਲ ਮਾਸ ਦੀ) ਸੰਮਤ ੧੭੦੦ (੧੭੦੧ ਚੰਦ੍ਰ ਬਰਸ) ਤੱਕ ਉਮਰ ੪੮ ਸਾਲ ੮ ਮਹੀਨੈ ੧੫ ਦਿਨ ਬਣਦੀ ਹੈ।

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਪਾਤਿਸ਼ਾਹੀ ੭

ਸੋਢੀ ਕੁਲ ਗੁਰੁ ਹਰਿਗੋਬਿੰਦ ਕੇ ਪੋਤ੍ਰੇ ਬਾਬੇ ਗੁਰਦਿਤੇ ਕੇ ਪੁਤ੍ਰ ਮਾਤਾ ਨਿਹਾਲ ਕੌਰ ਕੇ ਉਦਰ ਤੇ। ਜਿਨਕਾ ਦੂਸਰਾ ਨਾਮ ਅਨੰਤ ਕੌਰ ਭੀ ਹੈ। ਕੀਰਤਪੁਰ ਬਿਖੈ ਸੰਮਤ ੧੬੮੬* ਮਾਘ ਸੁਦੀ ਦੂਜ ਮਾਘ ਕਾ ਤੇਰੁਵਾਂ ਪ੍ਰਵਿਸਟਾ ਬ੍ਰਿਹਸਪਤਿਵਾਰ ਭਰਣੀ ਨਿਛੱਤ੍ਰ ਗਿਆਰਾ ਘੜੀ ਰਾਤ ਗਈ ਜਨਮ ਲੀਆ। ਅੰਮ੍ਰਿਤਸਰੀ ਪ੍ਰਣਾਲੀ ਬਿਖੈ ਦਯਾ ਦੇਈ ਬਾਬੇ ਗੁਰਦਿਤੇ ਕੇ ਦੂਸਰੇ ਮਹਲ ਤੇ ਲਿਖਿਆ ਹੈ।

ਮਹਲ ੮ । ਪਹਿਲਾ ਬਿਵਾਹ ਸੰਮਤ ੧੬੯੪ ਅਸਾੜ ਕੀ ਸਤਾਰੁਵੀਂ ਕਿਸਨ ਕੌਰ ਮਹਲ ਆਇਆ । ਸਾਥ ਕੋਟ ਕਲਾਣੀ ਦਾਸੀ ਆਈ। ਦੂਸਰੇ ਚੰਦ ਕੌਰ। ਤੋਖੀ ਦਾਸੀ ਨਾਲ ਆਈ। ਸੰਮਤ ੧੬੯੫ ਸੋਲਾ ਸੈ ਪਚਾਨਮੈ ਮੈ ਭਯਾ । ਚੌਥਾ ਮਹਲ ਰਾਮ ਕੌਰ। ਨਾਲ ਲਡਿਕੀ

---

*ਸੱਤਵੇਂ ਪਾਤਿਸ਼ਾਹ ਦੇ ਜਨਮ-ਸੰਮਤ ਵਿੱਚ ਸਾਖੀ-ਲੇਖਕਾਂ ਨੇ ਦਸਾਂ ਵਰ੍ਹਿਆਂ ਦਾ ਫਰਕ ਪਾ ਦਿੱਤਾ ਹੈ । ਇਹ ਭੁਲੇਖਾ ਬਾਬਾ ਗੁਰਦਿੱਤਾ ਜੀ ਦੇ ਦੋ ਦੀ ਥਾਂ ਇੱਕ ਮਹਲ ਮੰਨਣ ਵਾਲਿਆਂ ਪਾਇਆ ਹੈ। ਸਹੀ ਗੱਲ ਇਹ ਹੈ ਕਿ ਬਾਬਾ ਜੀ ਨੇ ਭਾਈ ਗੁਰਦਿਤਾ 'ਘੋਰਾ' ਦੀ ਕੰਨਿਆ ਦਇਆ ਦੇਈ ਦਾ ਡੋਲਾ ਗੁਰੂ-ਪਿਤਾ ਨੂੰ ਦੱਸੇ ਪੁਛੇ ਬਿਨ੍ਹਾਂ ਪ੍ਰਵਾਨ ਕਰ ਲਿਆ ਸੀ। ਸਤਿਗੁਰਾਂ ਦੀ ਸੁਭਾਸੀਸ ਇਸ ਸੰਜੋਗ ਸਬੰਧੀ ਪ੍ਰਾਪਤਿ ਨਾਂ ਹੋ ਸਕੀ। ਇਸ ਕਰਕੇ ਬਾਬਾ ਜੀ ਸ਼ਾਦੀ ਤੋਂ ਕੁਝ ਦਿਨ ਬੱਦ ਹੀ ਸੰਮਤ ੧੬੯੫ ਚੇਤ੍ਰ ਸੁਦੀ ੧੦ ਨੂੰ ਚੋਲਾ ਤਿਆਗ ਗਏ। ਲੇਕਿਨ ਉਸ ਮੌਕੇ ਨਵੀਂ ਵਿਆਹੀ ਬੀਬੀ ਦਾ ਪੈਰ ਭਾਰਾ ਹੋ ਚੁਕਾ ਸੀ। ਛੇਵੇਂ ਪਾਤਿਸ਼ਾਹ ਪਾਸ ਅਰਦਾਸ ਕਰਕੇ ਇਸ ਬੀਬੀ ਨੇ ਉਦਰ ਨਿਵਾਸੀ ਬਾਲਕ ਵਾਸਤੇ ਸ਼ੁਭ-ਬਚਨ ਲੈ ਲਏ ਸਨ। ਇਹੋ ਗੁਰ-ਵਚਨ ਬਾਲ-ਗੁਰੂ ਨੂੰ ਤਿੰਨ ਵਰ੍ਹੇ ਪਹਿਲੋਂ ਗੁਰਿਆਈ ਦਾ ਟਿਕਾ ਦੇਣਾ ਸੀ। ਜੋ ਆਮ ਸਾਖੀਆਂ ਤੇ ਗਰਪ੍ਰਣਾਲੀਆਂ ਵਿਚ ਲਿਖਿਆ ਹੈ । ਜਿਨ੍ਹਾਂ ਦੇ ਸਦਕੇ ਉਸੇ ਮਾਤਾ ਦਇਆ ਦੇਈ ਦੀ ਕੁਖੋਂ ਸ੍ਰੀ ਗੁਰੂ ਹਰਿਰਾਇ ਜੀ ਸੰਮਤ ੧੬੯੬ ਮਾਘ ਪ੍ਰਵਿਸਟਾ ੧੩ ਨੂੰ ਪ੍ਰਗਟ ਹੋਏ।

Digitized by Panjab Digital Library | www.panjabdigilib.org

ਦਾਸੀ ਆਈ । ਸੰਮਤ ੧੭੦੧ ਬਿਖੈ ਆਈ । ਕਿਸਨ ਕੌਰ ਕੇ ਸਾਥ ਕੋਟ ਕਲਾਣੀ ਜੋ ਆਈ ਤਿਸ ਕਾ ਨਾਮ ਤ੍ਰਿਬੇਨੀ ਭੀ ਕਹਿਤੇ ਹੈਂ । ਇਹ ਚਾਰ ਸਵਾਣੀਆ ਚਾਰ ਟਹਿਲਣਾ। ਦਯਾ ਰਾਮ ਖਤ੍ਰੀ ਸਿਲੀ ਜਾਤਿ ਤਿਸ ਦੀਆਂ ਤੀਨ ਇਸਤ੍ਰੀਆਂ ਅਨੰਤੀ ਜੁਵਾਲਾ ਅਰ ਗੌਰਜਾ। ਅਨੰਤੀ ਕੀ ਦੋ ਪੁਤ੍ਰੀਆਂ ਕਿਸਨ ਕੌਰ ਤੋਖੀ। ਜੁਾਲਾ ਕੀ ਦੋ ਚੰਦਕੌਰ ਲਡਿੱਕੀ। ਗੌਰਜਾ ਕੀ ਤੀਨ ਪ੍ਰੇਮ ਕੌਰ ਰਾਮ ਕੌਰ ਅਨੋਖੀ। ਅਸਟਮੀ ਕੋਟ ਕਲਾਣੀ। ਇਹ ਅਨੂਪ ਸਹਰ ਮੈ ਬਸਦਾ ਥਾ। ਸੋ ਸਭ ਸਾਹਿਬਾਂ ਕਉ ਦਈਆਂ । ਅਸਟਮੀ ਕੋਟ ਕਲਾਣੀ ਜੋ ਥੀ ਸੋ ਦਾਸੀ ਹੀ ਥੀ। ਹੋਰ ਉਸ ਦੀਆਂ ਪੁਤ੍ਰੀਆਂ ਥੀ। ਪਰੰਤੂ ਏਕ ਏਕ ਸਾਥ ਏਕ ਏਕ ਦਾਸੀ ਕਰਕੈ ਦਈ। ਸਾਹਿਬਾਂ ਨੇ ਉਸ ਕਾ ਪ੍ਰੇਮ ਦੇਖ ਕੇ ਸਭ ਅੰਗੀਕਾਰ ਕਰੀ । ਪਰੰਤੂ ਕੋਟ ਕਲਾਣੀ ਸੇਵਾ ਮੈ ਚਤਰ ਥੀ। ਯਾ ਤੇ ਇਸ ਊਪਰ ਕਿਰਪਾ ਕੀ ਦ੍ਰਿਸਟ ਬਿਸੇਖ ਇਸੀ ਕਰਕੇ । ਸਾਹਿਬ ਆਤਮ ਅਨੰਦ ਮੈ ਮਗਨ ਰਹਿਤੇ ਥੇ। ਸੋ ਏਕ ਰਾਤ ਦੁਗਧ ਲੇਕਰ ਜੋ ਗਈ ਤੌ ਬੇਨਤੀ ਕਰੀ ਪਾਤਿਸਾਹ ਮਹਿਲੋਂ ਊਪਰ ਅਨੁਗ੍ਰਹ ਦ੍ਰਿਸਟ ਹੋਵੈ । ਯਾ ਤੇ ਸਾਹਿਬਾਂ ਨੈ ਉਸਕੇ ਅਭਿਪ੍ਰਾਯ ਅਨੁਸਾਰ ਦੁਗਧ ਪਰ ਦ੍ਰਿਸਟ ਕਰਕੈ ਕਹਿਆ ਇਹ ਲੇ ਜਾਵੋ ! ਉਸਨੈ ਜੋ ਕਿਸਨਕੌਰ ਜੀ ਕੇ ਕਹੇ ਬਿਨਾ ਬੇਨਤੀ ਕਰੀ ਸੀ ਯਾ ਤੇ ਭੈ ਕਰਕੈ ਦੁਗਧ ਪਾਨ ਆਪ ਕਰ ਲੀਆ। ਉਸ (ਤੇ) ਰਾਮਰਾਇ ਜੀ ਜਨਮੇ ਸੰਮਤ ੧੭੦੩*ਚੇਤਰ ਮਾਸ ਸੋਮਵਾਰ ਕੀਰਤਪੁਰ ਬਿਖੈ। ਰਾਮ ਰਾਇ ਜੀ ਕੇ ਮਹਲ ਚਾਰ। ਪ੍ਰਿਥਮਪੰਜਾਬ ਕੌਰ ਜਿਸ ਪਰ ਰਾਮਰਾਇ ਦੀ ਕ੍ਰਿਪਾ ਬਹੁਤ ਸਾਰੀ। ਅਰ ਤੀਨ ਮਹਲ ਅਵਰ।

ਟਿੱਕੇ ਸਮੇ ਉਮਰ ਗਿਆਰਾਂ† ਬਰਖ ਦੋ ਮਹੀਨੇ ਕੀ। ਜੋ

---

*ਇਸ ਸੰਮਤ ਵਿਚ ਭੀ ਦਸਾਂ ਵਰ੍ਹਿਆਂ ਦਾ ਫਰਕ ਹੈ। ਅਰ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਜਨਮ ਸੰਮਤ ੧੬੮੬ ਮੰਨਣ ਵਾਲਿਆਂ ਪਾਇਆ ਹੈ। ਰਾਮਰਾਇ ਜੀ ਦਾ ਸਹੀ ਜਨਮ ਸੰਮਤ ੧੭੧੩ ਬਿਃ ਹੋ ਸਕਦਾ ਇ; ੧੭੦੩ ਨਹੀਂ। ਕਿਉਂ ਜੋ ੧੭੦੩ ਵਿਚ ਪਿਤਾ-ਗੁਰੂ ਹਰਿਰਾਇ ਜੀ ਦੀ ਉਮਰ ਮਸਾਂ ਸੱਤਾਂ ਵਰ੍ਹਿਆਂ ਦੀ ਸੀ।

(ਰਣਧੀਰ ਸਿੰਘ)

†ਸੰਮਤ ੧੬੯੬ ਦਾ ਜਨਮ ਮੰਨਕੇ ਚਾਰ ਬਰਸ।

Digitized by Panjab Digital Library | www.panjabdigilib.org

੧੦੮.
ਸਾਹਿਬ ਛੀਮੀ ਪਾਤਿਸਾਹੀ ਨੈ ਆਪਣੇ ਜੋਤੀ ਜੋਤਿ ਸਮਾਣੇ ਤੇ ਤੀਨ ਬਰਖ ਪਹਿਲਾਂ ਟਿਕਾ ਦਿਤਾ।

ਜੋ ਸਾਹਿਬ ਛੇਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਂਣੇ ਕੇ ਸਮੇਂ ਗੁਰੂ ਸਤਮੀ ਪਾਤਿਸਾਹੀ ਕੀ ਉਮਰ ੧੪ ਬਰਖ ੨ ਮਹੀਨੇ ੩ ਦਿਨ ਕੀ। ੧੭ ਸਤਾਰਾ ਬਰਖ ੬ ਖਟ ਮਾਸ ੧੯ ਉਨੀਸ ਦਿਨ ਪਾਤਿਸਾਹੀ ਕਰੀ।

ਸਾਰੀ ਉਮਰ ੩੧ ਇਕਤੀ* ਬਰਖ ੮ ਮਹੀਨੇ ੨੨ ਦਿਨ ਕੀ ਅਰ ਕਹੀ ਜੋ ੨੩ ਬਰਖ ੬ ਮਹੀਨੇ ੧੯ ਦਿਨ ਪਾਤਿਸਾਹੀ ਲਿਖੀ ਹੈ ਸੋ ਜਥਾਰਥ ਨਹੀਂ ਕਿਉਂਕਿ ਜਿਨ੍ਹਾਂ ਨੈ ਸਾਹਿਬ ਛੇਮੀ ਪਾਤਿਸਾਹੀ ਕਾ ਜੋਤੀ ਜੋਤਿ ਸਮਾਣਾਂ ਸੰਮਤ ੧੬੯੫ ਚੇਤ ਸੁਦੀ ੧੦ ਭੂਲ ਕਰ ਜਾਣੀ ਤਿਨ੍ਹਾਂ ਨੇ ਐਸੇ ਲਿਖਿਆ।

ਸੰਮਤ ੧੭੧੮ ਕਤਕ ਵਦੀ ੯ ਆਦਿਤਵਾਰ ਖਟ ਘੜੀ ਦਿਨ ਰਹੇ ਕੀਰਤਪੁਰ ਬਿਖੈ ਜੋਤੀ ਜੋਤਿ ਸਮਾਣਾ ਭਇਆ।

ਪਤਿਸਾਹੀ ੭

—o—

*ਆਪ ਦੀ ਸਾਰੀ ਉਮਰ ਸੰਮਤ ੧੬੯੬ ਤੋਂ ਗਿਣ ਕੇ, ੨੧ ਵਰ੍ਹੇ ੮ ਮਹੀਨੇ ੨੨ ਦਿਨ ਬਣਦੀ ਹੈ। (ਰਣਧੀਰ ਸਿੰਘ)

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਪਾਤਿਸਾਹੀ ੮

ਸ੍ਰੀ ਗੁਰੂ ਹਰਿ ਕ੍ਰਿਸਨ ਸਾਹਿਬ ਕੁਲ ਸੋਢੀ ਗੁਰੂ ਹਰਿਰਾਇ ਕੇ ਘਰ ਮਾਤਾ ਕ੍ਰਿਸਨ ਕੌਰ ਕੇ ਉਦਰ ਤੇ ਕੀਰਤਪੁਰ ਬਿਖੈ ਸੰਮਤ ੧੭੧੩ ਸਾਵਣ ਵਦੀ ੧੦ ਕਰਕ ਕਾ ਨੌਮਾ ਪ੍ਰਵਿਸਟਾ ਬੁਧਵਾਰ ਪੁਨਰਬਸ ਨਿਛਤ੍ਰ ਸਾਢੇ ਸਤ ਘੜੀ ਦਿਨ ਚੜ੍ਹੇ ਜਨਮ ਭਯਾ।

ਟਿਕੇ ਦੇ ਸਮੇ ਉਮਰ ਪਾਂਚ ਬਰਖ ਦੋ ਮਹੀਨੇ ੧੬ ਦਿਨ ਕੀ ਥੀ। ਸਾਹਿਬ ਸਤਮੀ ਪਾਤਿਸਾਹੀ ਨੇ ਆਪਣੇ ਜੋਤੀ ਜੋਤਿ ਸਮਾਣੇ ਤੇ ੧੪ ਦਿਨ ਪਹਿਲਾ ਸਮਤ ੧੭੧੮ ਅਸੂ ਸੁਦੀ ੧੦ ਦਸਮੀ ਦੁਸਹਰੇ ਕੇ ਦਿਨ ਟਿਕਾ ਦਿਤਾ।

ਦਿਲੀ ਗਏ। ਇੰਦ੍ਰਪ੍ਰਸਥ ਕੀ ਸ਼ਹਿਰੀ ਬਸਤੀ ਤੋਂ ਡੂਢ ਕੋਸ ਬਾਹਰ ਦਖਣ ਓਰ ਜੈ ਸਿੰਘ ਪੁਰੇ ਨਾਮ ਬਸਤੀ ਤੇ ਨਿਕਟ ਬੰਗਲਾ ਨਾਮ ਕਟਕੇ ਗੁਰ ਅਸਥਾਨ ਬਿਖੈ ਜੋ ਛੇਮੀ ਪਾਤਿਸਾਹੀ ਕੇ ਡੇਰੇ ਵਾਸਤੇ ਦਿਲੀ ਵਾਲੋਂ ਕੇ ਕਹੇ ਮੂਜਬ ਰਾਜਾ ਜੈ ਸਿੰਘ ਸਵਾਈ† ਨੇ ਓਹ ਭੂਮਕਾ ਭੇਟ ਕਰੀ ਥੀ ਬਿਰਾਜੇ।

ਟਿਕੇ ਥੇ ੨ ਦੋ ਬਰਖ ੪ ਮਹੀਨੇ ਚਾਰ ਦਿਨ ਅਰ ਸਾਹਿਬ ਸਤਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਣੇ ਤੇ ਦੋ ਬਰਖ ਪੰਜ ਮਹੀਨੇ ਉਨੀ ਦਿਨ ਪਾਛੇ ਦਿਲੀ ਬਿਖੇ ਜੋਤੀ ਜੋਤਿ ਸਮਾਣਾ ਭਯਾ। ਸੰਮਤ੧੭੧੮‡ ਚੇਤ ਸੁਦੀ ੧੪ ਚਉਦਸ ਬੁਧਵਾਰ ਦੋ ਪਹਰ ਦੋ ਘੜੀ ਰਾਤ ਗਈ ਪੂਰਨਮਾਸੀ ਕਉ ਜਮਨਾ ਨਿਕਟ ਤਿਲੋਖਰੀ ਨਾਮ ਅਸਥਾਨ ਬਾਰਾਂ ਪੁਲ ਨਦ ਕੇ ਉਤਰ ਤਟ ਸਹਰ ਤੇ ਚਾਰ ਕੋਸ ਬੰਗਲੇ ਤੇ ਦੋ ਕੋਸ ਸਸਕਾਰ ਹੋਇਆ।

ਸਾਰੀ ਉਮਰ ਦੇਹ ਕੀ ੭ ਸਪਤ ਬਰਖ ੮ ਅਸਟ ਮਾਸ ੧੮ ਦਿਨ ਕੀ।

ਪਾਤਿਸਾਹੀ ੮

---

†ਦੇਖੋ ਫੁਟਨੋਟ *ਪੰਨਾ ੪੯

‡ਸੰਮਤ ੧੭੧੮ ਵਿਚ ਤਾਂ ਅੱਠਵੇਂ ਪਾਤਿਸਾਹ ਗੁਰ-ਗਦੀ ਬਿਰਾਜੇ ਸਨ। ਸੰਮਤ ੧੭੨੧ ਚਾਹੀਏ।

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਪਾਤਿਸਾਹੀ ੯

ਨੌਮੇ ਪਾਤਿਸਾਹ ਗੁਰੂ ਤੇਗ ਬਹਾਦਰ ਕੁਲ ਸੋਢੀ ਗੁਰੂ ਹਰਿਗੋਵਿੰਦ ਕੇ ਧਾਮ ਮਾਤਾ ਨਾਨਕੀ ਕੇ ਉਦਰ ਤੇ ਰਾਮਦਾਸ ਪੁਰ ਮਧ ਸੰਮਤ ੧੬੭੮ ਮਘਰ ਸੁਦੀ ਦੂਜ ਬ੍ਰਿਸਚਕ ੨੧ ਇਕੀਮਾ ਪ੍ਰਵਿਸਟਾ। ਦੂਈ ਪ੍ਰਣਾਲੀ ਮੈ ੧੯ ਉਨੀਸਵਾਂ ਸੁਕ੍ਰਵਾਰ ਬਿਸਾਖਾ ਨਿਛਤ੍ਰ ਡੂਢ ਪਹਰ ਰਾਤ ਰਹਿਤੀ ਜਨਮ ਭਯਾ।

ਬਿਵਾਹ ਹੋਆ ਸੁਭਿਖਿਯਾਂ ਖਤ੍ਰੀਆਂ ਕੇ ਘਰ ਕਰਤਾਰਪੁਰ ਤੇ ਜੰਵ ਚੜ੍ਹੀ ਸੰਮਤ ੧੬੮੬ ਅਸੂ ਕੀ ਚਾਂਦਨੀ ਪੰਚਮੀ ਬਿਖੈ ਮਹਲ ਗੁਜਰੀ ਜੀ ਆਈ।

ਟਿਕੇ ਕੇ ਸਮੇ ਉਮਰ ੪੩ ਬਰਖ ੪ ਮਾਸ ੧੩ ਦਿਨ ਕੀ। ਸਾਹਿਬ ਅਠਮੀ ਪਾਤਿਸਾਹੀ ਨੇ ਆਪਣੇ ਜੋਤੀ ਜੋਤਿ ਸਮਾਣੇ ਕੇ ਸਮੇ ਬਾਬਾ ਬਕਾਲੇ ਬਚਨ ਕਰਕੇ ਗੁਰਿਆਈ ਦਿਤੀ। ਗੁਰਾਸਨ ਪਰ ਬਿਰਾਜਤੇ ਹੀ ਧੀਰਮਲ ਕੇ ਵਿਰੋਧ ਤੇ ਤੀਰਥਾ ਕਉ ਗਮਨ ਕੀਆ ਮਹਿਲਾਂ ਸਮੇਤ। ਸੰਮਤ ੧੭੨੨ ਸਤਾਰਾਂ ਸੌ ਬਾਈ ਮੈ।

ਪੁਤ੍ਰ ਏਕ ਸਾਹਿਬ ਗੋਬਿੰਦ ਸਿੰਘ। ਇਨ ਕੇ ਜਨਮ ਕਾ ਸੰਮਤ ਆਦਿਕ ਪਾਤਿਸਾਹੀ ਕੀ ਠੌਰ ਲਿਖਾਂਗੇ।

੧੦ ਬਰਖ ੭ ਸਪਤ ਮਾਸ ੨੧ ਇਕੀਸ ਦਿਨ ਗੁਰਯਾਈ ਕੇ ਸਿੰਘਾਸਨ ਪਰ ਬਿਰਾਜੇ। ਸਾਰੀ ਉਮਰ ਸਰੀਰ ਕੀ ੫੪ ਚੌਰੰਜਾ ਬਰਸ ੪ ਚਾਰ ਦਿਨ। ਦਿੱਲੀ ਬਿਖੈ ਆਠ ਦਿਨ ਕੋਤਵਾਲੀ ਚਬੂਤਰੇ ਕੇ ਅੰਦਰ ਕੋਠੜੀ ਮੈ ਦਿਲੀ ਵਾਲੇ ਤੁਰਕ ਕੇ ਬੈਠਾਏ ਹੋਏ ਬੈਰਾਜੇ ਰਹੇ ਪਸਚਾਤ ਸੰਮਤ ੧੭੩੨ ਸਤਾਰਾ ਸਉ ਬਤੀਸਾ ਮੰਘਰ ਸੁਦੀ ੫ ਬ੍ਰਿਸਪਤਵਾਰ ਦੋ ਪਹਰ ਦੋ ਘੜੀ ਦਿਨ ਚੜ੍ਹੇ ਏਕ ਘੜੀ ਬਜ ਲਈ ਥੀ ਦੂਸਰੀ ਕੇ ਅਮਲ ਮੈ ਬਾਹਰ ਕੂਪ ਪਰ ਇਸਨਾਨ ਕਰਕੈ ਜੋਤੀ ਜੋਤਿ ਸਮਾਏ।

ਉਸ ਅਸਥਾਨ ਅਬ ਬਰਤਮਾਨ ਮੈ ਗੁਰਅਸਥਾਨ ਹੈ; ਸੀਸਗੰਜ ਕਰਕੇ ਪ੍ਰਸਿਧ। ਸੀਸਗੰਜ ਸੰਗਯਾ ਕਾਹੇ ਤੇ। ਜੋ ਗੁਰਾਂ ਕਾ ਸੀਸ ਉਸ

Digitized by Panjab Digital Library | www.panjabdigilib.org

ਉਸ ਠੌਰ ਲਗਿਆ। ਇਸ ਕਰਕੇ ਨਹੀਂ ਜੋ ਸੀਸ ਊਹਾਂ ਰਹਾ। ਕਿੰਤੂ ਸੀਸ ਸ੍ਰੀ ਅਨੰਦਪੁਰ ਦਸਮੀ ਪਾਤਿਸਾਹੀ ਕੇ ਪਾਸ ਆਇਆ। ਸੋ ਉਨ੍ਹਾਂ ਨੇ ਸਸਕਾਰ ਕਰਕੇ ਗੁਰ-ਅਸਥਾਨ ਬਣਾਇਆ। ਅਰ ਸਰੀਰ ਦਿਲੀ ਵਾਲਿਆਂ ਸਿਖਾਂ ਅਰ ਨਿਗਾਹੀ ਲਬਾਣੇ ਗੁਰੂ ਕੇ ਸਿਖ ਨੇ ਸਹਰ ਤੇ ਡੇਢ ਕੋਸ ਦਖਣ ਓਰ ਰਕਾਬਗੰਜ ਅਸਥਾਨ ਮੈ ਸਸਕਾਰ ਕੀਆ ਜੋ ਅਬ ਗੁਰ-ਅਸਥਾਨ ਰਕਾਬਗੰਜ ਕਰਕੈ ਹੀ ਪ੍ਰਸਿੱਧ ਹੈ।

ਅਰ ਗੁਰਾਂ ਨੇ ਜਬ ਭਾਣਾ ਵਰਤਾਯਾ। ਤਬ ਗੁਰਦਿਤੇ ਰਮਦਾਸ* ਨੈ ਜੋ ਬਾਬੇ ਬੁਢੇ ਰਾਮਦਾਸ ਕਾ ਪੜੋਤਾ ਸੀ ਹੀਰੇ ਕੀ ਕਣੀ ਚਾਟ ਕਰ ਦੇਹ ਕਾ ਤਿਆਗ ਕੀਯਾ। ਇਹ ਗੁਰ-ਸਬਦ ਪੜ੍ਹ ਕਰ -

ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰ ਚਲੀਐ ॥
ਧ੍ਰਿਗ ਜੀਵਣ ਸੰਸਾਰ ਤਾਕੈ ਪਾਛੈ ਜੀਵਣਾ ॥
ਪਾਤਿਸਾਹੀ ੯

—o—

*'ਰਮਦਾਸ' ਯਾਨੀ ਰਾਮ-ਦਾਸ, ਨਿਰੰਕਾਰ' ਦਾ ਸੇਵਕ। ਇਹ ਖਿਤਾਬ ਉਸ ਵੇਲੇ ਗੁਰੂ ਜੀ ਦੇ ਥਾਪੇ ਗੁਰਮਤਿ ਪ੍ਰਚਾਰਕਾਂ (ਮਸੰਦਾਂ) ਦਾ ਹੁੰਦਾ ਸੀ। ਪਰ ਮੁਗ਼ਲ ਬਾਦਸ਼ਾਹ ਸਤਿਗੁਰਾਂ ਨੂੰ ਭੀ ਇਸੇ ਖਿਤਾਬ ਨਾਲ ਯਾਦ ਕਰਦੇ ਸਨ।(ਮਾਖ਼ਜ਼ਿ ਤ੍ਵਾਰੀਖ਼ਿ ਸਿੱਖਾਂ-ਫਾਰਸੀ-ਪੰਨਾ ੩੪ ਤੇ ੪੬)

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਪਾਤਿਸਾਹੀ ੧੦

ਸਾਹਿਬ ਗੁਰੂ ਗੋਬਿੰਦ ਸਿੰਘ। ਸੋਢੀ ਕੁਲ ਗੁਰੂ ਤੇਗ ਬਹਾਦਰ ਕੇ ਧਾਮ। ਮਾਤਾ ਗੁਜਰੀ ਕੇ ਉਦਰ ਤੇ ਪਟਣੇ ਸਹਰ ਬਿਖੈ ਸੰਮਤ ੧੭੨੨ ਸਤਾਰਾਂ ਸਉ ਬਾਈਆ ਪੋਹ ਸੁਦੀ ੭ ਸਪਤਮੀ ਧਨ ਕਾ ੧੯ ਉਨੀਸਵਾਂ ਪ੍ਰਵਿਸਟਾ ਰਵਿਵਾਰ ਧਨਿਸਟਾ ਨਿਛੱਤ੍ਰ ਕੇ ਤੀਸਰੇ ਚਰਨ ਮੈ ਸਵਾ ਪਹਰ ਰਾਤ ਰਹਤੀ ਜਨਮ ਭਯਾ। ਅਰ ਕਹੀਂ ਸੰਮਤ੧੭੧੮ ਸਤਾਰਾ ਸਉ ਅਠਾਰੁਮਾ। ਅਰੁ ਕਹੀ ਛਬੀਸਵਾਂ* ਅਰੁ ਪ੍ਰਵਿਸਟਾ ਤੇਰਵਾਂ ਆਦਿਕ ਜੋ ਲਿਖਿਆ ਹੈ ਸੁ ਜਥਾਰਥ ਨਹੀ। ਇਸ ਜੁਗਤਿ ਤੇ ਜੋ ਸਾਹਿਬ ਤੀਰਥਾਂ ਕਉ ਸਾਹਿਬ ਅਠਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਣ ਅਰੁ ਗੁਰਿਆਈ ਪਦਵੀ ਪਾਵਣ ਪੀਛੇ ਗਏ ਹੈਂ। ਸੋ ਸਾਹਿਬ ਅਠਮੀ ਪਾਤਿਸਾਹੀ ਕਾ ਜੋਤੀ ਜੋਤਿ ਸਮਾਣ ਸਤਾਰਾ ਸਉ ਇਕੀਹਵੇ ਮੈ ਨਿਸਚਿਤ ਭਇਆ ਹੈ। ਅਰ ਸਾਹਿਬ ਕਾ ਜਨਮ ਭੀ ਤੀਰਥ ਜਾਤ੍ਰਾ ਬਿਖੈ ਹੀ ਪਟਣੇ ਮੈ ਨਿਸਚਿਤ ਹੀ ਹੈ। ਅਰ ਸਤਾਰਾ ਸਉ ਛਬੀਹਾ ਭੀ ਨਹੀਂ ਬਣਤਾ ਕਿਉਂ ਐਸੇ ਹੋਵੈ ਤਉ ਸਾਹਿਬ ਨੌਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਣੇ ਕੇ ਸਮੇਂ ਉਮਰ ਖਟ ਬਰਖ ਕੀ ਹੋਤੀ ਹੈ। ਅਰ ਸਾਹਿਬ ਨੌਮੀ ਪਾਤਿਸਾਹੀ ਆਪ ਬੰਗਾਲੈ ਤੇ ਊਪਰ ਊਪਰ ਆਨੰਦਪੁਰੇ ਆਇ ਬਿਰਾਜੇ ਹੈਂ। ਅਰ ਮਹਲ ਅਰ ਸਾਹਿਬ ਦਸਮੀ ਪਾਤਿਸਾਹੀ ਪਟਣੇ ਬਿਖੈ ਰਹੇ ਹੈਂ। ਜਬ ਸਾਹਿਬ ਨੌਮੀ ਪਾਤਿਸਾਹੀ ਨੇ ਪਟਣੇ ਤੇ ਅਨੰਦਪੁਰ ਬੁਲਾਏ ਹੈਂ ਤਬ ਕਾਂਸੀ ਅਰ ਨਾਨਕ ਮਤੇ ਹਰਿਦੁਆਰ ਕੋ ਕਪਾਲ ਮੋਚਨ ਕੇ ਰਾਹ ਲਖਨੌਰ ਜੋ ਅੰਬਾਲੇ ਤੇ ਤੀਨ ਕੋਸ ਹੈ ਊਹਾ ਭੀ ਬਹੁਤ ਸਮਾ ਬਿਰਾਜ ਕਰ ਅਨੰਦਪੁਰ ਸਾਹਿਬ ਨੌਮੀ ਪਾਤਿਸਾਹੀ ਕੇ ਪਾਸ ਆਏ ਹੈਂ ਉਸ ਸਮੇਂ ਤੀਰ ਆਦਿਕ ਬਿਦਿਆ ਮੈ ਨਿਪੁਨ ਥੇ। ਅਰ ਸਾਹਿਬ

---

*ਜਨਮ ਸੰਮਤ ੧੭੨੬ ਵਰਤਮਾਨ ਤੇ ੧੭੨੫ ਗਤਿ ਹੀ ਠੀਕ ਹੈ। ਵੇਰਵੇ ਲਈ ਦੇਖੋ ਇਸੇ ਪੁਸਤਕ ਦਾ ਪੰਨਾ ੫੨ ਤੇ ੫੪ ਦੇ ਫੁੱਟ-ਨੋਟ।

Digitized by Panjab Digital Library | www.panjabdigilib.org

ਨੌਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਵਣੇ ਕੇ ਸਮੇ ਅਨੰਦਪੁਰ ਦਿਵਾਨ ਲਗਾਇ ਕਰ ਸਾਹਿਬ ਕੇ ਸੀਸ ਕੇ ਲਿਆਵਣੇ ਕੀ ਆਗਿਆ ਜੋ ਸਿਖਾਂ ਕਉ ਕਰੀ ਅਰ ਸੀਸ ਮੰਗਵਾਇ ਕਰ ਜਥਾ ਜੋਗ ਸਸਕਾਰ ਕੀਆ। ਉਸ ਸਮੇ ਉਮਰ ਦਸ ਬਰਸ ਤੇ ਕਮਤੀ ਨਹੀ ਥੀ। ਯਾ ਤੇ ਨਿਸਚਿਤ ਹੈ ਜੋ ਜਨਮ ਕਾ ਸੰਮਤ ੧੭੨੨ ਸਤਾਰਾ ਸਉ ਬਾਈਸਾ ਹੀ ਹੈ। ਟਿਕੇ ਸਮੇ ਜੋ ਉਮਰ ਸਾਹਿਬ ਨੌਮੀ ਪਾਤਿਸਾਹੀ ਨੇ ਦਿਲੀ ਜਾਵਣੇ ਕੇ ਸਮੇ ਭਾਵਨਾ ਕਰਕੇ ਅਰ ਪਾਛੈ ਉਹਾਂ ਤੇ ਭੀ ਜੋ ਆਪਣੇ ਜੋਤੀ ਜੋਤਿ ਸਮਾਣੇ ਕੇ ਸਮੇ ਕੀਆ। ੯ ਨਉ ਬਰਖ ੧੧ ਗਿਆਰਾ ਮਹੀਨੇ ੨੮ ਅਠਾਈ ਦਿਨ ਕੀ ਥੀ।

ਪਹਿਲਾ ਬਿਵਾਹ ਸੰਮਤ ੧੭੩੦ ਜੇਠ ਕੀ ਪੰਧਰਵੀ ਸਾਹਿਬ ਨੌਮੀ ਪਾਤਿਸਾਹੀ ਕੇ ਹੋਤੇ ਜੀਤੋ ਜੀ ਆਈ। ਸੁਭਿਖਿਆ ਖਤ੍ਰੀਆਂ ਕੇ ਘਰ ਲਹੌਰ ਕੀ ਵਾਸੀ। ਅਨੰਦਪੁਰ ਕੇ ਪਾਸ ਲਹੌਰ ਕਲਪ ਕਰ ਫੇਰੇ ਭਏ। ਕਿਉਕਿ ਜੀਤੋ ਜੀ ਕਾ ਪਿਤਾ ਕਹਿਤਾ ਥਾ ਮੈ ਲਹੌਰ ਫੇਰੇ ਦੇਣੇ ਹੈਂ। ਯਾ ਤੇ ਲਹੌਰ ਨਾ ਗਏ। ਇਹ ਉਪਾਇ ਕੀਆ। ਅਰੁ ਅੰਮ੍ਰਿਤਸਰੀ ਪ੍ਰਣਾਲੀ ਬਿਖੇ ਪਹਿਲਾ ਬਿਵਾਹ ਸੁੰਦਰ ਸਰੂਪ ਕਾ ਲਿਖਿਆ ਹੈ। ਅਰ ਦੂਸਰਾ ਬਿਵਾਹ ਜੀਤੋ ਜੀ ਕਾ ਲਿਖਿਆ ਹੈ। ਪਰੰਤੁ ਸੰਮਤ ਆਦਿਕ ਕਛੁ ਨਹੀ ਲਿਖਿਆ। ਅਰੁ ਦੂਸਰੀ ਬਿਖੇ ਸੰਮਤ ੧੭੪੩ ਮਘ੍ਰ ਕੀ ੩੦ ਵੀ ਲਿਖੀ ਹੈ। ਜੀਤੋ ਜੀ ਕੇ ਬਿਵਾਹ ਕਾ ਦਿਨ। ਪਰ ਸਹੀ ਇਹ ਹੈ ਜੋ ਪਹਿਲਾ ਬਿਵਾਹ ਜੀਤੋ ਜੀ ਕਾ। ਦੂਸਰਾ ਬਿਵਾਹ ਡੋਲਾ ਦਿਤਾ ਕੁਮਰਾਵਾਂ ਸਿਖਾਂ ਨੈ ਸੁੰਦਰ ਸਰੂਪ ਜੀ ਆਈ। ਸੰਮਤ ੧੭੪੩ ਬਿਖੈ। ਫੇਰੇ ਅਨੰਦਪੁਰ* ਲੀਏ।

ਤੀਸਰਾ ਬਿਵਾਹ ਸੰਮਤ ੧੭੫੭ ਰਵਤਾਸ ਕੀ ਵਾਸੀ ਰਿਖਰਾਵ ਜਾਤਿ ਖਤ੍ਰੀਆਂ ਨੈ ਡੋਲਾ ਦਿਤਾ। ਮਾਤਾ ਸਾਹਿਬ ਦੇਵੀ ਜੀ ਆਈ। ਅਰ ਇਕ ਜਾਗਾ ਸੰਮਤ ੧੭੫੮ ਦੇਖਿਆ ਹੈ। ਅਰ ਦੂਸਰੀ ਬਿਖੈ ਸੰਮਤ ੧੭੪੪ ਅਸੂ ਕੀ ਦਸਮੀ। ਇਹ ਤੀਨ ਮਹਲ।

---

*ਇਸ ਵਰ੍ਹੇ ਤਾਂ ਸਤਿਗੁਰੂ ਜੀ ਪਾਂਵਟੇ ਸ਼ਹਰ ਵਿਰਾਜ ਰਹੇ ਸਨ। ਅਨੰਦਪੁਰ' ਓਥੋਂ ਮੁੜ ਕੇ ਸੰਮਤ ੧੭੪੬ ਵਿਚ ਬੱਧਾ ਸੀ। (ਵਿਚਿੱਤ੍ਰ ਨਾਟਕ–'ਅਪਨੀ ਕਥਾ', ਅਧਿਆ ੮–ਛੰਦ ੩੬)।

Digitized by Panjab Digital Library | www.panjabdigilib.org

੧੧੪.

ਪੁਤ੍ਰ ਚਾਰ। ਪਾਂਚਵਾਂ ਪੁਤ੍ਰ ਚੜ੍ਹਾਇਆ ਹੋਇਆ ਸੋ ਪਹਲਾ ਸਾਹਿਬਜ਼ਾਦਾ ਮਾਤਾ ਜੀਤੋ ਜੀ ਤੇ ਸੰਮਤ ੧੭੪੩ * ਮਾਘ ਕੀ ਤੀਸਵੀ ਸੁਕ੍ਰਵਾਰ ਮਾਘ ਕੀ ਸੁਦੀ ੪ ਅਜੀਤ ਸਿੰਘ ਜੀ ਜਨਮੇ ਅਨੰਦਪੁਰ ਮੈ। ਅੰਮ੍ਰਿਤਸਰੀ ਪ੍ਰਣਾਲੀ ਬਿਖੇ ਮਾਤਾ ਸੁੰਦਰੀ ਜੀ ਤੇ ਲਿਖਾ ਹੈ। ਅਰ ਤੀਨੋ ਸਾਹਿਬਜ਼ਾਦੇ ਮਾਤਾ ਜੀਤੋ ਜੀ ਤੇ ਲਿਖੇ ਹੈਂ। ਪਰੰਤੁ ਹੈਂ ਚਾਰੋਂ ਸਾਹਿਬਜ਼ਾਦੇ ਮਾਤਾ ਜੀਤੋ ਜੀ ਤੇ ਹੀ। ਅਰ ਪੰਚਮਾ ਸਾਹਿਬਜ਼ਾਦਾ ਲਬਾਣੇ ਸਿਖ ਨੈ ਚੜ੍ਹਾਯਾ ਮਾਤਾ ਸੁੰਦਰੀ ਜੀ ਕੇ ਹਜ਼ੂਰ। ਸੋ ਇਸ ਕੀ ਸਾਖੀ ਪਿਛੇ ਲਿਖਾਂਗੇ।

ਅਰ ਦੂਸਰਾ ਸਾਹਿਬਜ਼ਾਦਾ ਸੰਮਤ ੧੭੪੭ ਚੇਤ ਕੀ ਇਕੀਸਵੀਂ ਮੰਗਲਵਾਰ ਤਿਥ ਸਪਤਮੀਂ ਸੁਦੀ ਵਦੀ ਅਨਿਸਚਿਤ। ਮਾਤਾ ਜੀਤੋ ਜੀ ਤੇ †ਜੁਝਾਰ ਸਿੰਘ ਜਨਮਿਆ ਅਨੰਦਪੁਰ।

ਪੁਨਾ ਸੰਮਤ ੧੭੫੩ ਮੰਘਰ ਕੀ ਛਠਵੀ ਰਵਿਵਾਰ ਦੋ ਘੜੀ ਰਾਤ ਗਈ ਮੰਘਰ ਸੁਦੀ ਏਕਮ ਮਾਤਾ ਜੀਤੋ ਜੀ ਤੇ ਜੋਰਾਵਰ ਸਿੰਘ ਜਨਮ ਲੀਆ ਆਨੰਦਪੁਰ ਬਿਖੇ।

ਉਪਰੰਤ ਸੰਮਤ ੧੭੫੫ ਫਗਣ ਦੀ ਦੂਸਰੀ ਬੁਧਵਾਰ ਫਗਣ ਵਦੀ ੧੧ ਅਨੁਰਾਧਾ ਨਿਛੱਤ੍ਰ ਬਿਖੇ ਫਤੇ ਸਿੰਘ ਜੀ ਜਨਮੇ।

ਅਰ ਸੰਮਤ ੧੭੫੬ ਵਿਸਾਖ ਕੀ ਪਹਿਲੀ ਖਾਲਸਾ ਉਪਜਿਆ ਕੇਸ ਗੜ੍ਹ।

ਪਸਚਾਤ ਸੰਮਤ ੧੭੫੭ ਪੋਹ ਕੀ ਸਾਤਵੀਂ ਸੋਮਵਾਰ ਡੇਢ ਪਹਰ ਦਿਨ ਚੜ੍ਹੇ ਮਾਤਾ ਜੀਤੋ ਜੀ ਸਮਾਈ ਅਨੰਦਪੁਰ। ਜਹਾਂ ਦੇਹ ਕਾ ਸਸਕਾਰ ਕੀਆ ਸੋ ਅਸਥਾਨ ਅਬ ਅਗਮਪੁਰਾ ਕਰਕੈ ਪ੍ਰਸਿਧ ਹੈ।

ਪੁਨਹ ਸੰਮਤ ੧੭੬੨ ਮੰਘਰ ਕੀ ਸਤਾਰ੍ਹਵੀਂ ਵੀਰਵਾਰ ਦੁਇ ਘੜੀਆਂ ਦਿਨ ਰਹੇ ਤੇ ਚਮਕੌਰ ਜੁਧ ਬਿਖੇ ਅਜੀਤ ਸਿੰਘ ਉਨੀਸ‡ ਬਰਖ ਡੇਢ ਮਹੀਨੇ ਘਟ ਕੀ ਉਮਰ ਅਰ ਜੁਝਾਰ ਸਿੰਘ ਪੰਦਰਾ ਬਰਖ ਸਤ ਮਹੀਨੇ ਛਬੀਸ ਦਿਨ ਕੀ ਉਮਰ ਮੈ। ਦੋਵੇਂ ਸਾਹਿਬਜ਼ਾਦੇ ਸ਼ਹੀਦ ਹੂਏ।

---

*ਦੇਖੋ ਫੁੱਟ ਨੋਟ ਪੰਨਾ ੫੬।

†ਦੇਖੋ ਫੁੱਟ ਨੋਟ ਪੰਨਾ ੫੭।

‡ਸੰਮਤ ੧੭੪੬ ਦਾ ਜਨਮ ਮੰਨਕੇ ਸੋਲਾਂ ਕੁ ਵਰ੍ਹੇ।

Digitized by Panjab Digital Library | www.panjabdigilib.org

ਅਰੁ ਦੋ ਸੈ ਬਾਈਸ ਸਿੰਘ ਸਾਥ ਚੜ੍ਹੇ।

ਅਰ ਸਾਹਿਬਜਾਦੇ ਅਜੀਤ ਸਿੰਘ ਕੀ ਬਾਰਤਾ ਜੋ ਲਬਾਣੇ ਸਿਖ ਨੈ ਮਾਤਾ ਸੁੰਦਰੀ ਸਾਹਿਬ ਕਉ ਦਿੱਲੀ ਮੈ ਚੜ੍ਹਾਯਾ ਸੋ ਇਸ ਪ੍ਰਕਾਰ ਹੈ- ਕਿ ਜਬ ਸੁੰਦਰ ਸਰੂਪ ਅਰ ਸਾਹਿਬ ਦੇਵੀ§ ਕਉ ਦਿਲੀ ਮੈ ਛੋਡ ਕਰ ਸਾਹਿਬ ਦਖਣ ਕਉ ਤਯਾਰ ਭਏ ਤਬ ਦੋਨੋ ਮਹਲਾਂ ਨੇ ਸੰਤਾਨ ਮਾਂਗੀ। ਬਚਨ ਹੋਇਆ ਇਹ ਸਿਖ ਸੰਗਤਿ ਸੰਤਾਨ ਹੀ ਹੈ ! ਮਹਲਾਂ ਨੇ ਫਿਰ ਬੇਨਤੀ ਕਰੀ। ਫਰਮਾਯਾ ਮਾਨਤੇ ਨਹੀ ! ਸਾਹਿਬ ਦੇਵੀ ਕਉ ਬਚਨ ਹੂਆ ਖਾਲਸਾ ਤੇਰੀ ਗੋਦੀ ਪਾਇਆ ! ਇਹ ਤੋ ਪ੍ਰਸੰਨ ਭਈ ਮਥਾ ਟੇਕਿਆ। ਸੁੰਦਰ ਸਰੂਪ ਕੇ ਹਠ ਕਰਕੇ ਬਚਨ ਕੀਆ ਆਵੇਗਾ ! ਪਰੰਤੁ ਦੁਖ ਦੇਵੇਗਾ ! ਸੋ ਇਕ ਲੁਬਾਣੇ ਨੇ ਬਾਲਕਾ ਭੇਟ ਕੀਆ । ਜੋ ਨਖਸਿਖ ਸਾਹਿਬਜਾਦੇ ਅਜੀਤ ਸਿੰਘ ਵਤ ਮਾਨੋ ਵਹੀ ਹੈ । ਮਾਤਾ ਸੁੰਦਰੀ ਜੀ ਨੈ ਅਜੀਤ ਸਿੰਘ ਨਾਮ ਰੱਖਿਆ। ਅਰੁ ਸਾਹਿਬਜਾਦੇ ਵਤ ਅਧਿਕਾਰ ਦੀਆ ਪਰ ਬਚਨ ਸਾਰ ਮਾਤਾ ਕੀ ਅਵਗਿਆ ਕਰੈ। ਸਾਹਿਬ ਖਾਸ ਕਮਰ ਕੇ ਸਸਤ੍ਰ ਮਾਤਾ ਜੀ ਕਉ ਬਖਸ ਗਏ ਥੇ ਦੋ ਕਟਾਰ ੨ ਸ੍ਰੀ ਸਾਹਿਬ ਏਕ ੧ ਏਕ ਖੰਜਰ ੧ ਏਕ ਪੇਸ ਕਬਜ ੧ ਸੀਰਮਾਹੀ ਕੇ ਦਸਤੇ ਅਰ ਮਿਜਾਨ ਕੀ । ਸੋ ਮਾਤਾ ਜੀ ਸੇ ਆਪ ਸਜਾਵਣੇ ਵਾਸਤੇ ਮਾਂਗੇ। ਮਾਤਾ ਜੀ ਨੇ ਨਾ ਦੀਏ । ਕਹਿਆ ਇਨ ਕਉ ਮਥਾ ਟੇਕਣਾ ਜੋਗ ਹੈ ! ਬੇਅਦਬੀ ਕਰਣੀ ਜੋਗ ਨਹੀਂ ! ਓੜਕ ਹੋਤੇ ਹੋਤੇ ਇਹਾਂ ਤਾਈ ਮਾਤਾ ਜੀ ਅਰ ਅਜੀਤ ਸਿੰਘ ਬਿਖੇ ਬਿਰੋਧ ਭਇਆ। ਜੋ ਮਾਤਾ ਜੀ ਬਿਦਾਵੇ ਕੀ ਲਿਖਤ ਲਿਖਵਾ ਲੀਆ। ਅਰ ਬਚਨ ਕੀਆ ਜੋ ਸਿਖ ਸੰਗਤ ਕੋਈ ਇਸ ਤੇ ਕੰਮ ਨਾ ਰਾਖੇ । ਪਰੰਤੁ ਜੋ ਸੰਗਤ ਉਸਕੇ ਸਾਥ ਸੀ ਸੋ ਉਧਰ ਭਈ । ਅਰ ਅਜੀਤੀਏ ਕਰ ਪ੍ਰਸਿਧ ਭਈ। ਪਹਿਲਾਂ ਤਉ ਦਿੱਲੀ ਮੈ ਬਹੁਤ ਥੀ ਅਬ ਭੀ ਕਛੁ ਹੈ। ਅਜੀਤ ਸਿੰਘ ਸਿਕਾਰ ਚੜ੍ਹਾ ਕਰੈ। ਬੰਗਲੇ ਜੀ ਪਾਸ ਏਕ ਬੇਨਵਾ ਫਕੀਰ ਮਲੇਛ ਅਮਲੀ ਰਹਿਤਾ ਥਾ । ਉਸ ਕਉ ਚਾਰ ਪਾਂਚ ਵਾਰ ਰੁਪਯਾ ਰੁਪਯਾ

---

§ਮਾਤਾ ਸਾਹਿਬ ਦੇਵੀ ਜੀ ਸਾਥੋ ਕੀ ਤਲਵੰਡੀ ਤੋਂ ਨਾਂਦੇੜ ਤਕ ਸਤਿਗੁਰਾਂ ਦੇ ਨਾਲ ਹੀ ਰਹੇ ਹਨ। ਜੋਤੀ ਜੋਤਿ ਸਮਾਵਣ ਤੋਂ ਕੁਝ ਦਿਨ ਪਹਿਲੋਂ ਦਿਲੀ ਟੋਰੇ ਗਏ ਸਨ।

Digitized by Panjab Digital Library | www.panjabdigilib.org

ਦੀਆ । ਏਕ ਵਾਰ ਜੋ ਨਾ ਦੀਆ ਉਸ ਨੇ ਦੁਰਬਚਨ ਬੋਲਿਆ । ਸਾਥ ਕੇ ਲੋਕਾਂ ਨੇ ਉਸ (ਕਉ) ਧੌਲ ਧਫਾ ਕਰਿਆ । ਉਹ ਨਿਰਬਲ ਬਹੁਤ ਹੀ ਥਾ । ਉਸ ਕੇ ਪ੍ਰਾਣ ਨਿਕਲ ਗਏ । ਤੁਰਕ ਇਕੱਠੇ ਹੋਏ *ਫਰਕਸਿਅਰ ਚੌਗਤੇ ਬੀਚ ਤੇ ਗਦੀ ਪਰ ਥਾ। ਉਸ ਨੇ ਮਾਤਾ ਸਾਹਿਬ ਸੇ ਸਾਹਿਬਜ਼ਾਦਾ ਮਾਂਗਿਆ । ਅਰ ਖ਼ੂਨ ਕਾ ਦਾਵਾ ਕਰਿਆ। ਮਾਤਾ ਜੀ ਨੇ ਲਿਖਤ ਵਿਖਾ ਦੀਆ । ਤਿਸ ਉਪਰ ਭੀ ਘਰ ਲੁਟਾ । ਫਰਕਸਿਅਰ ਨੇ ਇਹ ਭੀ ਕਹਿਆ ਥਾ। ਕਿ ਜੋ ਨੌਮੀ ਪਾਤਿਸਾਹੀ ਕੇ ਖ਼ੂਨ ਕੀ ਫਾਰਖਤੀ ਦੇਵਹੁ! ਤਉ ਹਮ ਅਜੀਤ ਸਿੰਘ ਕਉ ਕੁਛ ਨਹੀ ਕਹਤੇ! ਮਾਤਾ ਜੀ ਨੇ ਇਹ ਬਾਤ ਨਾ ਮਾਨੀ। ਤੁਰਕਾਂ ਕੀ ਫੌਜ ਚੜ੍ਹੀ। ਅਜੀਤ ਸਿੰਘ ਸਾਥ ਪਾਂਚ ਸਉਕ ਸਿੰਘ ਥੇ। ਪਾਂਚ ਛਹ ਘੜੀ ਲੜੇ। ਫਿਰ ਅਜੀਤ ਸਿੰਘ ਭਾਗ ਕੇ ਜੈ ਸਿੰਘ ਪੁਰੇ ਮੈ ਏਕ ਬ੍ਰਾਹਮਣ ਕੇ ਘਰ ਜਾ ਪਯਾ। ਉਸ ਨੇ ਫੜਾ ਦੀਆ। ਤੁਰਕਾਂ ਨੇ ਹਾਥੀ ਕੇ ਪੈਰਾਂ ਤੇ ਮਸਲਵਾ ਕਰ ਸਹੀਦ ਕਰ ਦੀਆ । ਸੰਮਤ ੧੭੭੫ ਸਤਾਰਾਂ ਸਉ ਪਛਤ੍ਰਾ ਫਗਣ ਦੀ ਬਾਈਸਵੀਂ ਰਵਿਵਾਰ† ਸਹਰ ਤੇ ਦੋ ਕੋਸ ਉਤ੍ਰ ਤਰਫ ਸਬਜੀ ਮੰਡੀ ਕੇ ਪਾਸ ਅਜੀਤ ਸਿੰਘ ਕਾ ਡੇਹਰਾ ਹੈ। ਅਜੀਤੀ ਸੰਗਤਿ ਐਤਵਾਰ ਕਉ ਤਹਾਂ ਜਾਤੀ ਹੈ। ਸਾਹਿਬ ਦਸਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਵਣੇ ਪੀਛੇ ਦਸ ਬਰਖ ੪ ਮਹੀਨੇ ਅਜੀਤ ਸਿੰਘ ਕਾ ਸਰੀਰ ਰਹਿਆ। ਪਰੰਤੂ ਚਾਰ ਬਰਖ ਪਾਂਚ ਦਿਨ ਗਾਦੀ ਪਰ ਰਹਿਆ।

ਅਰ ਹਠੀ ਸਿੰਘ ਸਾਹਿਬਜ਼ਾਦਾ ਅਜੀਤ ਸਿੰਘ ਕਾ ਹੈ। ਉਸਕੀ ਸੰਗਤਿ ਭੀ ਦਿੱਲੀ ਬਿਖੈ ਜੁਦੀ ਹੈ। ਹਠੀ ਸਿੰਘ ਕੀ ਧਰਮਸਾਲਾ ਭੀ ਸਹਰ ਮੈ ਹੈ ਏਕ ਅਸਥਾਨ ਹਠੀ ਸਿੰਘ ਕਾ ਮਥਰਾ ਬਿਖੈ ਹੈ। ਏਕ

---

*ਫਰੁਖਸੀਅਰ ਬਾਦਸ਼ਾਹ ੧੯ ਮਾਘ ੧੭੬੯ ਬਿਃ ਨੂੰ ਤਖਤ ਤੇ ਬੈਠਾ ਤੇ ੨੦ ਫਗਣ ੧੭੭੫ ਬਿ: ਨੂੰ ਕੈਦ ਤੇ ਅੰਨ੍ਹਾਂ ਕੀਤਾ ਗਿਆ।

†ਸੰਮਤ ੧੭੭੫ ਨੂੰ ਜੇ 'ਗਤਿ' ਮੰਨੀਏ, ਤਾਂ ੨੨ ਫੱਗੁਣ ਵੀਰਵਾਰੇ ਸੀ; ਜੇ ਵਰਤਮਾਨ ਸਮਝੀਏ ਤਾਂ ਮੰਗਲਵਾਰਾ । ਐਤਵਾਰ ਦੋਹਾਂ ਸਾਲਾਂ ਵਿਚ ੨੨ ਫੱਗੁਣ ਨੂੰ ਨਹੀਂ ਔਂਦਾ! ਨਾਲੇ ੨੨ ਫੱਗੁਣ ੧੭੭੫ (ਗਤਿ) ਨੂੰ ਫੱਰੁਖਸੀਅਰ ਕੈਦ ਵਿੱਚ ਸੀ, ਤਖਤ-ਸ਼ਾਹੀ ਪਰ ਨਹੀਂ। ਇਸ ਲਈ ਇਹ ਤਿਥਿ-ਸੰਮਤ ਗਲਤ ਜਾਪਦੇ ਹਨ।

Digitized by Panjab Digital Library | www.panjabdigilib.org

ਸਥਾਨ ਬੁਰ੍ਹਾਨਪੁਰ ਹੈ ਭਾਰਾ । ਇਹ ਸਾਹਿਬਜ਼ਾਦਾ ਅਜੀਤ ਸਿੰਘ ਚਾਰੋ ਸਾਹਿਬਜ਼ਾਦਿਆਂ ਤੇ ਜੁਦਾ ਹੈ।

ਅਜੀਤ ਸਿੰਘ ਕੇ ਸਹੀਦ ਹੋਣੇ ਪੀਛੇ ਦਿੱਲੀ ਦੀ ਸੰਗਤਿ ਬੰਗਲੇ ਤੇ ਮਾਤਾ ਸੁੰਦਰੀ ਅਰ ਮਾਤਾ ਸਾਹਿਬ ਦੇਵੀ ਕਉ ਚੋ ਰਾਮ ਵਕੀਲਪੁਰੇ ਕਰਕੇ ਜੋ ਨਵੇ ਸਹਰ ਕੀ ਕੰਧੋਂ ਹੇਠ ਹੈ ਅਗਨੇਯ ਕੂਟ ਮੈ। ਅਰ ਜਬ ਬਹੁਤ ਬਸਤਾ ਥਾ । ਤਹਾਂ ਲੇ ਆਏ। ਏਕ ਹਵੇਲੀ ਸੰਗ ਸੁਰਖ ਕੀ ਇਮਾਰਤ ਕੀ ਉਮਦੀ ਬਣਾਇ ਕਰ ਦੋਵੇਂ ਮਾਤਾ ਕਉ ਬਿਰਾਜਮਾਨ ਕੀਆ। ਅਬ ਓਹ ਅਸਥਾਨ ਮਾਤਾ ਜੀ ਕੀ ਹਵੇਲੀ ਕਰਕੇ ਗੁਰਦ੍ਵਾਰਾ ਪ੍ਰਸਿਧ ਹੈ। ਓੜਕ ਪਰਯੰਤ ਮਾਤਾ ਸਾਹਿਬ ਊਹਾ ਹੀ ਰਹੇ ਹੈਂ । ਅਰ ਸਾਹਿਬ ਦਸਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਣ ਪੀਛੇ ਦੋਨੋ ਮਾਤਾ ਕੇ ਸਰੀਰ ਚਾਲੀਸ ਚਾਲੀਸ ਬਰਸ ਰਹੇ ਹੈਂ । ਕਿਉਂਕਿ ਮਾਤਾ ਸਾਹਿਬ ਕੇ ਹੁਕਮਨਾਮੇ ਸਿਖਾਂ ਕੇ ਨਾਮ ਕੇ ਸੰਮਤ ੧੮੦੩ ਅਠਾਰਾ ਸਉ ਤੀਨ ਦੇਖਣੇ ਮੈ ਆਏ ਹੈਂ । ਪਸਚਾਤ ਮਾਤਾ ਸੁੰਦਰੀ ਕੇ ਸਮਾਣੇ ਕਾ ਦਿਨ ਇਕਾਦਸੀ ਹੈ। ਅਰ ਦੋਵੇ ਮਾਤਾ ਕੇ ਸਰੀਰੋਂ ਕਾ ਦਾਹ ਸੰਸਕਾਰ ਗੁਰੂ ਅਠਮੀ ਪਾਤਸਾਹੀ ਕੇ ਅਸਥਾਨ ਪਾਸ ਬਾਰਾਨਪੁਰੇ ਤਿਲੋਖਰੀ ਮੈ ਭਏ ਹੈਂ। ਊਹਾਂ ਹੀ ਦੋਨੋ ਦੇਹਰੇ ਹੈਂ।

ਅਰ ਦੋ ਸਾਹਿਬਜ਼ਾਦੇ ਜੋਰਾਵਰ ਸਿੰਘ* ਨੌਉ ਬਰਖ ਕੀ ਉਮਰ

---

*ਬਾਬਾ ਜ਼ੋਰਾਵਰ ਸਿੰਘ ਜੀ, ਕਵਿ ਸੈਨਾਪਤਿ ਦੇ ਕਥਨ ਅਨੁਸਾਰ ਜੰਗ ਚਮਕੌਰ ਵਿਚ ਵੈਰੀਆਂ ਨੂੰ ਮਾਰਦੇ ਚੀਰਦੇ ਸਹੀ ਸਲਾਮਤ ਨਿਕਲ ਗਏ ਸਨ। ਸੰਮਤ ੧੭੬੪ ਦੇ ਕੱਤਿਕ ਮਹੀਨੇ, ਗੁਰੂ ਪਿਤਾ ਜੀ ਨੂੰ ਆਗਰੇ ਜਾ ਮਿਲੇ ਸਨ। ('ਸ੍ਰੀ ਗੁਰੁ ਸੋਭਾ' ਪੰਨਾ ੭੧,੯੬)

ਅਗਾੜੀ ਦੱਖਣ ਪਿਆਨੇ ਸਮੇ ਪਿਤਾ-ਸਤਿਗੁਰ ਦੇ ਹਮਰਕਾਬ ਸਨ। ਵੈਸਾਖ ਸੰਮਤ ੧੭੬੫ ਵਿਚ ਚਿਤੌੜ ਗੜ੍ਹ ਵੇਖਣ ਗਏ; ਓਥੋਂ ਦੇ ਮੁਸਲਮਾਨ ਪਾਹਰੂਆਂ ਨਾਲ ਜੁੱਧ ਕਰਦੇ ਸ਼ਹੀਦ ਹੋਏ । ਦੇਖੋ ਮੌਕੇ ਦੀਆਂ ਗਵਾਹੀਆਂ-'ਸ੍ਰੀ ਗੁਰੁ ਸੋਭਾ' ਪੰਨਾ ੯੭ ਤੇ 'ਮਾਖਜ਼ਿ ਤ੍ਵਾਰੀਖਿ ਸਿੱਖਾਂ', ਫਾਰਸੀ-ਪੰਨਾ ੭੬ ਤੋਂ ੮੨ ਤੱਕ।

ਹਾਂ, ਬਾਬਾ ਜੁਝਾਰ ਸਿੰਘ ਜੀ-ਜੋ ਕਵਿ ਸੈਨਾਪਤਿ ਦੇ ਦੱਸੇ +

Digitized by Panjab Digital Library | www.panjabdigilib.org

ਮੈ। ਅਰ ਫਤੇ ਸਿੰਘ ਸਾਤ ਬਰਖ ਦੋ ਮਹੀਨੇ ਘਾਟ ਕੀ ਉਮਰ ਮੈਂ ਸੰਮਤ ੧੭੬੨ ਪੋਹ ਕੀ ਤੀਸਰੀ ਮੰਗਲਵਾਰ ਸਵਾ ਪਹਿਰ ਦਿਨ ਚੜ੍ਹੇ ਮਲੇਛੋਂ ਨੈ ਫਿਟਮੂਹੀ ਸਰਹੰਦ ਬਿਖੈ ਉਦਰ ਚਾਕ ਕੁਰਕੈ ਸ਼ਹੀਦ ਕਰੇ। ਅਰ ਸਰੀਰੋਂ ਕੇ ਸਸਕਾਰ ਸਿਖਾਂ ਨੈ ਪੁਲਾਂ ਪਾਸ ਸਹਰ ਤੇ ਬਾਹਰ ਕਰੇ। ਉਸ ਅਸਥਾਨ ਕਾ ਨਾਮ ਜੋਤੀ ਸਰੂਪ ਹੈ।ਅਰ ਦੇਹਰੇ ਅੰਤਰ ਜਹਾਂ ਸਰੀਰ ਛੂਟੇ ਹੈ। ਉਹਾਂ ਹੈ। ਜਿਸ ਕਉ ਫਤੇ ਗੜ੍ਹ ਕਹਤੇ ਹੈ।

ਅਰ ਉਸੀ ਦਿਨ ਮਾਤਾ ਗੁਜਰੀ ਜੀ ਹੀਰੇ ਕੀ ਕਣੀ ਚਾਟਕੈ ਪੋਤ੍ਰਿਆਂ ਕੇ ਬਿਯੋਗ ਮੈ ਸਰੀਰ ਤਿਆਗ ਕੀਆ। ਮਾਤਾ ਜੀ ਕਾ ਦੇਹਰਾ ਭੀ ਫਤੇਗੜ੍ਹ ਸਾਹਿਬਜਾਦੋਂ ਕੇ ਦੇਹਰੇ ਪਾਸ ਹੈ।

ਅਰ ਬੰਦੇ ਕੀ ਬਾਰਤਾ ਇਹ ਹੈ ਕਿ ਸਾਹਿਬ ਦਸਮੀ ਪਾਤਿਸਾਹੀ ਕਾ ਭੇਜਿਆ ਹੂਆ। ਸਾਹਿਬਜਾਦੋਂ ਕਾ ਬਦਲਾ ਲੇਣੇ ਕਉ ਸਿਰਹੰਦ ਕੀ ਤਰਫ ਆਇਆ। ਬਹੁਤ ਮਲੇਛ ਨਾਸ ਕਰੇ। ਬਚਨ ਥਾ ਬੰਦੇ ਨਾ ਕਰੀਓ ! ਅਰਥ ਇਸਤ੍ਰੀ ਨਾ ਬਿਵਾਹੀਓ ! ਭਾਵੀ ਬਸ ਇਸਤ੍ਰੀ ਕਰੀ। ਯਾ ਤੇ ਤੁਰਕਾਂ ਕੇ ਬਸ ਆਇਆ। ਲੋਹ ਗੜ੍ਹ ਬਿਖੈ ਘਿਰ ਗਿਆ। ਰਾਜੇ ਜੋ ਮਲੇਛੋਂ ਕੇ ਭੇਜੇ ਬੰਦੇ ਊਪਰ ਆਏ ਥੇ ਉਨ੍ਹਾਂ ਕਾ ਭੇਜਿਆ ਦਿਲੀ ਪਹੁਚਾ। ਊਹਾਂ ਤੁਰਕਾਂ ਨੇ ਕੋਤਵਾਲੀ ਚਬੂਤਰੇ ਪਾਸ ਸਾਹਿਬ ਦਸਮੀ ਪਾਤਿਸਾਹੀ ਕੇ ਜੋਤੀ ਜੋਤਿ ਸਮਾਣੇ ਤੇ ੯ ਬਰਖ ਚਾਰ ਮਹੀਨੇ ਆਠ ਦਿਨ ਪੀਛੇ ਫਰਕਸਿਅਰ ਕੇ ਵਖਤ ਮੈ ਸੰਮਤ ੧੭੭੪ ਫਗੁਣ ਸੁਦੀ

+– ਅਨੁਸਾਰ,ਤੀਜੇ ਸਾਹਿਬਜ਼ਾਦੇ ਸਨ–ਸਰਹੰਦ ਵਿੱਚ ਸ਼ਹੀਦ ਕੀਤੇ ਗਏ।
(ਸ੍ਰੀ ਗੁਰੁ ਸੋਭਾ ਪੰਨਾ ੭੨-੩)

ਐਪਰ ਸਰਹੰਦ ਦੇ ਫੌਜਦਾਰ ਨਵਾਬ ਵਜ਼ੀਰ ਖਾਂ ਦੀ ਇਕ ਰਪੋਟ-ਜੋ ਔਰੰਗਜ਼ੇਬ ਨੂੰ ਭੇਜੀ ਗਈ ਸੀ, ਵਡੀ ਮਾਤਾ ਜੀ ਨਾਲ ਸਿਰਫ ਇਕ ਸਾਹਿਬਜ਼ਾਦੇ (ਬਾਬਾ ਫਤਹਿ ਸਿੰਘ ਜੀ) ਦਾ ਸਰਹੰਦ ਪਹੁੰਚਣਾ ਦਸਦੀ ਹੈ। (ਮਾਖ਼ਜ਼ਿ ਤ੍ਵਾਰੀਖ਼ਿ ਸਿੱਖਾਂ–ਫ਼ਾਰਸੀ–ਪੰਨਾ ੭੪ ਸਤਰ ਚੌਥੀ) ਇਸ ਤੋਂ ਜਾਪਦਾ ਇ, ਕਿ ਬਾਬਾ ਜੁਝਾਰ ਸਿੰਘ ਜੀ ਭੀ ਚਮਕੌਰ ਜੁੱਧ ਵਿੱਚ ਹੀ ਸ਼ਹੀਦ ਹੋ ਗਏ ਸਨ। ਸਰਹੰਦ ਵਿੱਚ ਸਿਰਫ ਬਾਬਾ ਫਤਹ ਸਿੰਘ ਜੀ ਹੀ ਸ਼ਹੀਦ ਕੀਤੇ ਗਏ। ਇਸੇ ਕਰਕੇ ਯਾਦਗਾਰੀ ਗੁਰਦੁਆਰੇ ਦਾ ਨਾਮ ਭੀ 'ਫਤਹ ਗੜ੍ਹ' ਰੱਖਿਆ ਗਿਆ।

Digitized by Panjab Digital Library | www.panjabdigilib.org

੯ ਸ਼ਹੀਦ ਕਰ ਦੀਆ* ।

ਪਹਲਾਂ ਬੈਰਾਗੀ ਭੇਸ । ਲਛਮਣ ਦਾਸ ਨਾਮ ਕਰਕੈ ਦਖਣ ਦੇਸ ਪਾਸੇ ਰਹਤਾ ਥਾ । ਬੀਰ ਬਸ ਕੀਏ ਹੋਏ ਥੇ । ਯਾ ਤੇ ਨਾਟਕ ਚੇਟਕ ਬਹੁਤ ਕਰਤਾ ਥਾ । ਸਾਹਿਬ ਉਸ ਕੇ ਪਲੰਘ ਪਰ ਜਾਇ ਬੈਠੇ । ਬੀਰ ਉਲਟ ਨ ਸਕੇ । ਗੁਰਾਂ ਕਾ ਪ੍ਰਤਾਪ ਦੇਖ ਕਰ ਸਿਖ ਹੋਆ । ਸਾਹਿਬਾਂ ਨੇ ਬੰਦਾ ਨਾਮ ਰਖਿਆ । ਸਾਹਿਬਜਾਦੋਂ ਕੇ ਬਦਲੇ ਲੇਣੇ ਕਾ ਹੁਕਮ ਦੀਆ ਥਾ । ਅਰ ਜਾਣੋ ਉਸ ਅਨੁਸਾਰ ਆਯਾ ਥਾ । ਅਰ ਅੰਮ੍ਰਿਤਸਰੀ ਪ੍ਰਣਾਲੀ ਬਿਖੈ ਜੋ ਲਿਖਿਆ ਹੈ ਕਿ ਨਉ ਮਹੀਨੇ ਨਉ ਦਿਨ ਪਾਛੇ ਹਾੜ ਕੀ ਦੂਸਰੀ ਬੰਦਾ ਪ੍ਰਗਟਿਆ ! ਸੋ ਇਹ ਸਿਰਹੰਦ ਪਾਸਿ ਆਣੇ ਕਾ ਸੰਮਤ ਜਾਨਣਾ ।

ਸਾਹਿਬ ਦਸਮੀ ਪਾਤਿਸਾਹੀ ਦੇਵੀ ਕਉ ਪ੍ਰਤੱਛ ਕਰਕੈ । ਪਾਛੇ ਖਾਲਸਾ ਪ੍ਰਗਟ ਕਰਕੈ ਅਰ ਅੰਮ੍ਰਿਤ ਛਕਾਇ ਕਰ । ਤੁਰਕਾਂ ਸਾਥ ਜੁਧ ਕਰਕੈ ਅਨੇਕ ਚਰਿਤ੍ਰ ਕਰਤੇ ਭਏ । ਸੰਮਤ ੧੭੬੨ ਮਾਘ ਕਉ ਮਾਘ ਵਦੀ ਏਕਮ ਮੁਕਤਸਰ ਕਾ ਜੁਧ ਕੀਆ । ੯ ਨੌ ਮਹੀਨੇ ੯ ਨੌ ਦਿਨ ਨੌ ਪਹਰ ੯ ਪਲ ਦਮਦਮੇ ਸਾਬੋ ਕੀ ਤਲਵੰਡੀ ਬਿਰਾਜੇ । ਫਿਰ ਦਖਣ ਗਏ । ਸੰਮਤ ੧੭੬੩ ਮੰਘਰ ਲਗਤੇ ਦਮਦਮੇ ਤੇ ਕੂਚ ਕੀਆ† । ਕੁਛ

---

*ਬਾਬਾ ਜੀ ਨੂੰ ੨੯ ਜਾਮਾਦੀ ਉਲ ਆਖ਼ਿਰ ੧੧੨੯ ਹਿਜਰੀ= ੧੧ ਹਾੜ ਸ਼ੁਦੀ ਏਕਮ ਸੰਮਤ ੧੭੭੩ ਬਿ: (ਗਤਿ) ਵੀਰਵਾਰ ਨੂੰ ਸ਼ਹੀਦ ਕੀਤਾ ਗਿਆ । (ਤਜ਼ਕਰਾਤੁਲ ਸਲਾਤੀਨ ਚੁਗੱਤਾ—ਫਾਰਸੀ, ਲਿਖਤੀ—ਪੰਨਾ ੭੫੮)

†ਦਮਦਮੇ ਸਾਹਿਬ ਮੁਕਾਮ ਦੀ ਮੁੱਦਤ ਦਰੁਸਤ ਨਹੀਂ । ਸਤਿਗੁਰਾਂ ਦੇ ੬ ਚੇਤ੍ਰ ੧੭੬੨ ਨੂੰ ਦੀਨੇ-ਕਾਂਗੜ ਤੋਂ ਚੋਹਲਾ ਸਾਹਿਬ ਦੀ ਸੰਗਤਿ ਦੇ ਨਾਮ ਭੇਜੇ ਹੁਕਮਨਾਮੇ ਤੋਂ ਸਹੀ ਹੁੰਦਾਇ, ਕਿ ਮੁਕਤਸਰ ਜੁੱਧ ਵੈਸਾਖ ੧੭੬੩ ਵਿਚ ਹੋਇਆ । ਇਸ ਤੋਂ ਮਗਰੋਂ ਹੀ ਸਾਹਿਬ ਸ੍ਹਾਬੋ ਕੀ ਤਲਵੰਡੀ ਪਧਾਰੇ । ਅਰੁ ਓਥੋਂ ਦੱਖਣ ਵੱਲ ਪਿਆਨੇ ੨੦ ਕੱਤਕਿ ੧੭੬੩ ਨੂੰ ਹੋ ਗਏ । ਜਿਸ ਦਾ ਪਤਾ 'ਸੰਗਤ ਬੈਰਾੜਾਂ ਕੀ' ਵਲ ਲਿਖੇ,ਸਤਿਗੁਰਾਂ ਦੇ ਆਪਣੇ ਹੁਕਮਨਾਮੇ ਤੋਂ ਲਗਦਾ ਹੈ । ਇਹ →

Digitized by Panjab Digital Library | www.panjabdigilib.org

ਘਾਟ ਦੋ ਬਰਸ ਪੀਛੇ ਸੰਮਤ ੧੭੬੫ ਅਸੂ ਸੁਦੀ ਅਸਟਮੀ ਦੇਵੀ ਕੀ ਪੂਜਾ ਕਉ ਅਸੂ ਕੇ ਨਵਰਾਤ੍ਰਾ ਕੀ ਹਵਨਾਦਿਕ ਉਸ ਦਿਨ ਸਮਾਪਤਿ ਕਰੀ ਥੀ। ਸਾਯੰਕਾਲ ਰਹਰਾਸ ਤੇ ਪੀਛੇ ਪਠਾਨ ਕੇ ਪੁਤ੍ਰ ਕੇ ਹਾਥ ਤੇ ਕਟਾਰ ਸਸਤ੍ਰ ਕਾ ਘਾਉ ਲਾਗਾ। ਡਾਕਟਰਾਂ ਕੇ ਇਲਾਜ ਤੇ ਘਾਉ ਮਿਲ ਗਿਆ। ਗਿਆਰਵੇਂ ਦਿਨ ਇਸਨਾਨ ਕੀਆ। ਕਤਕ ਕੀ ਚੌਥ ਕੋ ਇਸਨਾਨ ਕੇ ਅਗਲੇ ਦਿਨ ਦੋ ਕਮਾਨੇ ਏਕਠੀ ਖੈਚ ਕਰ ਟਾਂਕੇ ਤੋੜ ਦੀਏ। ਸੋਲਾਂ ਦਿਨ ਫਿਰ ਪਾਛੇ ਸਰੀਰ ਰਹਿਆ। ਦੋ ਵਖਤ ਇਸਨਾਨ ਕਰਕੈ ਨਵੀ ਪੋਸ਼ਾਕ ਪਹਰ ਕੈ ਘਾਉ ਪਟੀਆਂ ਸਾਥ ਬਾਂਧ ਕਰ ਸਸਤ੍ਰਾਂ ਸਮੇਤ ਕਮਰ ਕਸਾ ਕਰ। ਗਾਉਤਕੀਏ ਲਗਾਇ ਕਰ ਬਿਰਾਜ ਰਹਿਤੇ ਅਸਨ ਪਾਨ ਕਛੁ ਨਾ ਕਰਿਆ। ਇਨ੍ਹਾ ਦਿਨਾ ਮੈ ਜੋ ਕਰਣਾ ਥਾ ਸੋ ਕਰਕੈ ਸੰਮਤ ੧੭੬੫ ਕਤਕ ਸੁਦੀ ੫ ਬ੍ਰਿਸਪਤਵਾਰ ਦੋ ਪਹਰ ਰਾਤ ਗਏ। ਟਿਕੇ ਤੇ ਉਮਰ ੩੨ ਬਰਖ ਗਿਆਰਾਂ ਮਹੀਨੇ ਪਾਛੇ। ਆਪ ਇਸਨਾਨ ਕਰਕੈ ਅਰ ਕਮਰ ਕਸਾ ਕਰ। ਨਦੇੜ ਸਹਰ ਮੈ ਗੋਦਾਵਰੀ ਕੇ ਤਟ ਊਪਰ ਗੁਰ ਸਬਦ ਕਾ ਕੀਰਤਨ ਸੁਨਤੇ ਹੂਏ ਗੁਰੂ ਗ੍ਰੰਥ ਸਾਹਿਬ ਕਉ ਗੁਰਿਆਈ ਦੇ ਕਰ। ਅਰਦਾਸ ਕਰਕੈ।ਅਰ ਖਾਲਸੇ ਤੇ ਖੁਸੀ ਲੇਕਰ। ਅਪਨੇ ਚਰਨੋ ਸਸਕਾਰ ਅਸਥਾਨ ਚੰਦਨ ਕੀ ਚਿਖਾ ਪਰ ਆਇ ਬਿਰਾਜੇ। ਅਰ ਯੋਗ ਅਗਨ ਸਾਧਨ ਕਰ ਕੈ ਅਗਨ ਪ੍ਰਗਟਾਇ ਕਰ ਸਰੀਰ ਕਾ ਦਾਹ ਕੀਆ। ਚਿਖਾ ਕੇ ਗਿਰਦੇ ਕਨਾਤੇਂ ਲਗੀ ਹੋਈ ਥੀ। ਭਾਣਾ ਵਰਤਾਣੇ ਸਮੇ ਸਭ ਕਉ ਬਾਹਰ ਕਰ ਦੀਆ ਥਾ। ਦੇਹ ਕੀ ਸਾਰੀ ਉਮਰ ੪੨ ਬਰਖ ੯ ਮਹੀਨੇ ੨੮ ਦਿਨ ਕੀ‡। ਅਬ ਨਦੇੜ ਸਹਰ ਗੋਦਾਵਰੀ

+ ਹੁਕਮ ਨਾਮਾ ਪਿੰਡ ਭਾਈ ਰੂਪੇ, ਵਿਚ ਭਾਈ ਰੂਪ ਚੰਦ ਦੀ ਵੰਸ ਪਾਸ ਸੁਰੱਖਤ ਹੈ। (ਸਿਖ ਇਤਿਹਾਸਕ ਯਾਦਗਾਰਾਂ ਪੰਨਾ ੨੮)

ਇਸ ਹਿਸਾਬ ਮੁਕਤਸਰ ਤੇ ਦਮਦਮਾ ਸਾਹਿਬ ਵਿਰਾਜਣ ਦਾ ਸਾਰਾ ਸਮਾਂ ਸੱਤ ਕੁ ਮਹੀਨੇ ਬਣਦਾ ਹੈ, '੯ ਮਹੀਨੇ ੯ ਦਿਨ ੯ ਪਹਰ ੯ ਪਲ ਨਹੀਂ। (ਰਣਧੀਰ ਸਿੰਘ)

‡ਸੰਮਤ ੧੭੨੫ ਮਿਤੀ ਮਾਘੋਂ ੧ (ਪੋਹ ਸੁਦੀ ਸੱਤਮੀ) ਤੋਂ ੬ ਕੱਤਿਕ ਸੁਦੀ ੫ ਸੰਮਤ ੧੭੬੫ ਤੱਕ ਸਾਰੀ ਉਮਰ ੩੯ ਵਰ੍ਹੇ ੯ ਮਹੀਨੇ ਪੰਜ ਦਿਨ ਬਣਦੀ ਹੈ।

Digitized by Panjab Digital Library | www.panjabdigilib.org

ਕੇ ਤਟ ਅਬਚਲ ਨਗਰ ਅਸਥਾਨ ਪ੍ਰਸਿਧ ਹੈ।

ਪਾਤਿਸਾਹੀ ੧੦

॥ ਸਮਾਪਤੰ ॥ ੧ ॥§

§ਇਥੋਂ ਤੱਕ ਸਾਰੀ ਵਾਰਤਾ, ਭਾਈ ਗੁਲਾਬ ਸਿੰਘ ਲਿਖਤਿ 'ਗੁਰਪ੍ਰਣਾਲਿਕਾ' ਦਾ ਹੀ ਵਾਰਤਕ ਰੂਪ ਹੈ ਅਗਲੀਆਂ ਥਿੱਤਾਂ ਇਸ ਖਰੜੇ ਵਿੱਚ ਵਾਧੂ ਹਨ।

Digitized by Panjab Digital Library | www.panjabdigilib.org

ਅਸੂ ਸੁਦੀ ੧੦*

ਬਾਬੇ ਬੁਢੇ ਰਮਦਾਸ ਕਾ ਚਲਾਣਾ ਸੰਮਤ ੧੬੮੮। †ਭਾਦੋ ਸੁਦੀ ਪੰਚਮੀ ਬ੍ਰਿਸਪਤਵਾਰ ਗੋਇੰਦਵਾਲ ਬਿਖੈ ਭਾਈ ਗੁਰਦਾਸ ਕਾ ਚਲਾਣਾ ਭਯਾ ॥ ਸੰਮਤ ੧੬੯੪ ਭਾਦੋ ੧੮ ਸੁਦੀ (੧੨)‡ ਭਾਈ ਬਿਧੀਏ ਕਾ ਚਲਾਣਾ ਭਯਾ। ਦੇਉ ਨਾਮ ਗ੍ਰਾਮ ਮੈ ॥

ਸੰਮਤ ੧੬੫੧ ਅਸੂ ਕੀ ਇਕੀਸਵੀਂ ਬਾਬੇ ਬੁਢੇ ਕਾ ਬਰ ਗੁਰੂ ਹਰਿਗੋਬਿੰਦ ਜੀ ਕੇ ਜਨਮ ਕਾ ਮਾਤਾ ਗੰਗਾ ਦੇਈ ਕਉ।

ਸੰਮਤ ੧੭੪੪ ਭਾਦੋ ਸੁਦੀ ੮ ਆਦਿਤਵਾਰ ਪੰਜ ਘੜੀ ਦਿਨ ਚੜ੍ਹੇ ਛੀਵੀ ਕੇ ਅਮਲ ਮੈ ਗੜ੍ਹਵਾਲ ਦੇਸ ਰਾਮ ਰਾਇ ਜੀ ਸਮਾਣੇ।

ਸੰਮਤ ੧੭੯੮ ਬੈਸਾਖ ਸੁਦੀ ੫। ਪੰਜਾਬ ਕੌਰ ਜੀ ਸਮਾਣੇ। ਗੰਗਾ ਜਮਨਾ ਮਧ ਖੁਰਵਦੀ ਸ੍ਰੀ ਦੇਹਰੇ ਜੀ ਮਹਲ ਕੇ ਤਥਾ ਬਿੜੇ ਕੇ ਅਧ ਬਿਚ ਦਾਗ ਦਿਤਾ ॥ ੧

॥ ਸਮਾਪਤੰ ॥

---

*'ਜੀਵਨ ਚਰਿਤ੍ਰ ਸਾਹਿਬ ਬੁੱਢਾ ਜੀ' ਵਿੱਚ ਚਲਾਣੇ ਦੀ ਤਾਰੀਖ '੧੪ ਮੱਘਰ ਸੁਦੀ ਚੌਥ' ਦੱਸੀ ਹੈ। (ਪੰਨਾ ੨੫੦)

†ਭਾਈ ਸਾਹਿਬ ਦਾ ਦੇਹਾਂਤ ਸੰਮਤ ਏਥੇ ਲਿਖਣੋਂ ਰਹਿ ਗਿਆ ਜਾਪਦਾ ਇ। ਹੋਰਸ ਥਾਵੇਂ ੧੬੮੬ ਲਿਖਿਆ ਮਿਲਦਾ ਹੈ। ਪਰ ਸੰਤ ਸੰਪੂਰਨ ਸਿੰਘ ਜੀ ਦੇ ਕਥਨ ਅਨੁਸਾਰ ੧੬੮੭, ਸਹੀ ਪ੍ਰਤੀਤਿ ਹੁੰਦਾ ਇ। ('ਜੀਵਨ ਭਾਈ ਗੁਰਦਾਸ ਜੀ' ਪੰਨਾ ੨੧੮)

‡ਅਸਲ ਖਰੜੇ ਵਿੱਚ ਗ਼ਲਤ ਪਾਠ–'ਭਾਦੋ ਸੁਦੀ ੧੮'–ਸੀ। ਜੋ ਠੀਕ ਕਰ ਕੇ (੧੨) 'ਗੁਰੂ ਨਾਨਕ ਜੰਤ੍ਰੀ' ਅਨੁਸਾਰ ਵਧਾਇਆ ਗਿਆ ਹੈ। ਐਪਰ 'ਗੁਰ ਸਾਗਰ ਰਤਨ ਪ੍ਰਕਾਸ਼'–ਕ੍ਰਿਤ ਸ: ਗੁਰਬਖਸ਼ ਸਿੰਘ 'ਸ਼ਹੀਦ' ਵਿੱਚ (੨੭) 'ਭਾਦਰੋਂ ਸੁਦੀ ੩ ਸੰ: ੧੬੯੫ ਬਿ:' (ਸ਼ੁਕ੍ਰਵਾਰ) ਨੂੰ ਦੇਹਾਂਤ ਦੱਸਿਆ ਹੈ। (ਪੰਨਾ ੧੬੩)

Digitized by Panjab Digital Library | www.panjabdigilib.org

ਦਸਾਂ ਸਤਿਗੁਰਾਂ ਦੀ ਗੁਰੂ ਪ੍ਰਣਾਲੀ

ਇਸ ਨਾਮ ਦੀ ਇਕ ਰਚਨਾ, 'ਮਸਤਾਨਾ-ਅੰਮ੍ਰਿਤਸਰ' ਦੇ ਇਕ ਪੁਰਾਣੇ ਪਰਚੇ ਵਿਚ ਛਪੀ ਮਿਲੀ ਹੈ। ਰਚਣਹਾਰ ਦਾ ਨਾਮ, ਨਾਂ ਤੇ ਰਚਨਾ ਵਿੱਚ ਆਇਆ ਹੈ, ਤੇ ਨਾਂ ਹੀ 'ਮਸਤਾਨਾ' ਦੇ ਸੰਪਾਦਿਕ ਨੇ ਇਸ ਬਾਰੇ ਕੋਈ ਜਾਣ ਪਛਾਣ ਕਰਾਈ ਹੈ। ਕਵਿਤਾ ਸਰਲ ਤੇ ਸੁਚੱਜੀ ਹੈ। ਬੋਲੀ ਭੀ ਕੋਈ ਔਖੀ ਨਹੀਂ। ਹੋਰਨਾਂ ਗੁਰਪ੍ਰਣਾਲੀਆਂ ਨਾਲੋਂ ਇਸ ਦੇ ਕੁਝਕੁ ਤਿਥਿ-ਸੰਮਤਾਂ ਵਿੱਚ ਫਰਕ ਹਨ। ਟਾਕਰਾ ਕਰਕੇ ਖੋਜੀ ਸੱਜਨ, ਸਾਰ ਅਸਾਰ ਖੁਦ ਪਰਖ ਲੈਣਗੇ। ਇਸੇ ਖਿਆਲ ਨਾਲ ਅਸਾਂ ਬਹੁਤੀ ਟੀਕਾ ਟਿਪਣੀ ਉਚਿਤ ਨਹੀਂ ਸਮਝੀ। ਕਈ ਥਾਈਂ ਅੱਖਰੀ ਵਾਧੇ ਘਾਟੇ ਯਾ ਸੁੱਧ ਅਸੁੱਧ ਵਾਕ, ਜੋ ਸੋਧਣੇ ਜ਼ਰੂਰੀ ਸਨ, ਸੋਧੇ ਗਏ ਹਨ। ਅਰ ਉਨ੍ਹਾਂ ਦਾ ਜ਼ਿਕਰ ਪੈਰ-ਟਿੱਪਣੀਆਂ ਵਿੱਚ ਕਰ ਦਿੱਤਾ ਗਿਆ ਹੈ। ਪਾਤਸ਼ਾਹੀਆਂ ਦੇ ਸਿਰਲੇਖ ਭੀ ਅਸਾਂ ਦਿਤੇ ਹਨ, ਅਸਲ ਵਿਚ ਨਹੀਂ। (ਸਕੱਤ੍ਰ)

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਦਸਾਂ ਸਤਿਗੁਰਾਂ ਦੀ ਗੁਰੂਪ੍ਰਣਾਲੀ

ਦੋਹਰਾ

ਬੰਦੋਂ ਸ੍ਰੀ ਨਾਨਕ ਗੁਰੂ, ਨਿਰਾਕਾਰ ਅਵਤਾਰ ।
ਧਾਰ ਸਕਾਰ ਸਰੂਪ ਕੋ, ਧਰਾ* ਉਤਾਰਯੋ ਭਾਰ ।੧

ਸਤਿਗੁਰੂ ਨਾਨਕ ਜੀਉ

ਚੌਪਈ

ਆਦਿ ਅਕਾਲ ਵਿਸ਼ਨ ਪ੍ਰਗਟਾਯੋ ।
ਬ੍ਰਹਮਾ ਤਿਹ, ਮਰੀਚ ਸੁਤ ਜਾਯੋ ।
ਤਾ ਤੇ ਕੱਸ਼ਿਪ ਮੁਨਿ ਬਖਯਾਤ ।
ਸੂਰਜ ਭਯੋ ਤਾਹਿ ਕੋ ਤਾਤ † ॥੨
ਤਿਹ ਸੁਤ ਨ੍ਰਿਪ ਇਖਵਾਕ ਸਦਾਏ ।
ਤਿਹ ਕੁਲ ਰਾਮਚੰਦ੍ਰ ਪ੍ਰਗਟਾਏ ।
ਲਵ ਕੁਸ਼ ਦੋ ਸੁਤ ਤਿਹ ਘਰ ਆਏ ।
ਕੁਸ਼ੂ-ਵੰਸ ਵੇਦੀ ਵਿਦਤਾਏ ॥੩
ਜਿਲਾ ਲਾਹੌਰ ਤਸੀਲ ਸ਼ਰਕਪੁਰ ।
ਰਾਇ ਭੋਇ ਦੀ ਤਲਵੰਡੀ ਧੁਰ ।
ਜਿਸਦਾ ਹੁਣ ਨਨਕਾਣਾ ਨਾਮ ।
ਪ੍ਰਗਟ ਹੋਇ ਗਇਆ ਸਭ ਠਾਮ ॥੪
ਤਿਹ ਕੁਲ ਮੈ ਬੇਦੀ ਸ਼ਿਵਰਾਮ ।
ਕਰਦਾ ਪਟਵਾਰੀ ਦਾ ਕਾਮ ।
ਤਿਸ ਦਾ ਪੁੱਤ ਜੋ ਕਾਲੂ ਨਾਮ ।
ਗੁਰੂ ਨਾਨਕ ਜਨਮੇ ਤਿਸ ਧਾਮ ॥੫

---

*ਧਰਤੀ ਦਾ । †ਪੁੱਤ੍ਰ ।

Digitized by Panjab Digital Library | www.panjabdigilib.org

ਸੰਮਤ ਪੰਦ੍ਰਾ ਸੌ ਅਰੁ ਛੱਬੀ ।
‡ਕਾਤਿਕ ਪੁੰਨਿਜਾ ਸੋਹਣੀ ਫੱਬੀ ।
ਤ੍ਰਿਪਦੇ ਨਾਮ ਗੁਰੂ ਦੀ ਮਾਈ ।
ਭੈਣ ਨਾਨਕੀ ਅਤਿ ਸੁਖਦਾਈ ॥੬
ਮੂਲੇ ਚੋਣੇ ਦੇ ਘਰਿ ਵਿਆਹੇ ।
ਸ਼ਹਿਰ ਵਟਾਲਾ ਸੁੰਦਰ ਸਾਹੇ ।
ਚੰਦੋ ਨਾਮ ਸੱਸ ਦਾ ਜਾਨੋ ।
ਮਹਿਲ ਸੁਲੱਖਣੀ ਤੁਸੀਂ ਪਛਾਨੋ ॥੭
ਸ੍ਰੀ ਚੰਦ ਅਰੁ ਲੱਛਮੀ ਦਾਸ ।
ਏਹੁ ਦੋ ਪੁੱਤ੍ਰ ਗੁਰੂ ਦੇ ਖਾਸ ।
ਸੱਤ੍ਰ ਵਰ੍ਹੇ ਮਹੀਨੇ ਪੰਜ ।
ਸੱਤ ਦਿਹਾੜੇ ਉਤੇ ਮੰਜ‡ ॥੮
ਕੀਤੀ ਗੁਰਿਆਈ ਗੁਰੁ ਆਪ ।
ਫਿਰ ਅੰਗਦ ਅਪਣੀ ਥਾਂ ਥਾਪ ।
ਪੰਦ੍ਰਾਂ ਸੌ ਛਿਆਨਵੇਂ ਜਾਨੋ !
ਦੱਸਵੀਂ ਅੱਸੂ ਵਦੀ ਪਛਾਨੋ !!੯
ਗਏ ਗੁਰੂ ਸੱਚਖੰਡ ਮਝਾਰ ।
ਬੋਲੋ ਭਾਈ ਸੱਤ ਕਰਤਾਰ ।

ਸ੍ਰੀ ਗੁਰੂ ਅੰਗਦ ਜੀ

ਤ੍ਰੇਹੁਣ ਖੱਤ੍ਰੀ ਫੇਰੂ ਨਾਮ ।
ਮੱਤੇ ਦੀ ਸਰਾਇ ਵਿਚ ਧਾਮ ॥੧੦
ਰਾਮੋ ਰਾਮ ਜਪੇ ਨਿਤ ਮਨ ਮੇਂ ।
ਤਾਂ ਗੁਰ ਅੰਗਦ ਇਸ ਦੇ ਜਨਮੇ ।

---

‡ਸੱਤਰ ਵਰ੍ਹੇ ਪੰਜ ਮਹੀਨੇ ਸੱਤ ਦਿਨਾਂ ਦੀ ਉਮਰ ਕੱਤਿਕ ਪੁੱਨਿਆ ਸੰਮਤ ੧੫੨੬ ਤੋਂ ਗਿਣਕੇ ਪੂਰੀ ਨਹੀਂ ਹੁੰਦੀ। ਹਾਂ, ੧੯ ਵਿਸਾਖ ਸੁਦੀ ਤੀਜ ੧੫੨੬ ਤੋਂ ਗਿਣੀਏ ਤਦ ਠੀਕ ਬਹਿੰਦੀ ਹੈ। ਇਸ ਲਈ ਪੁਰਾਤਨ ਜਨਮਸਾਖੀ ਦੀ ਥਿੱਤ ਹੀ ਠੀਕ ਹੈ।

Digitized by Panjab Digital Library | www.panjabdigilib.org

ਪੰਦਰਾਂ ਸੈ ਇਕਸਠ§ ਵਿਚ ਜਾਨ ।
ਏਕਮ ਸੁਦੀ ਵੈਸਾਖ ਪਛਾਨ ॥੧੧
ਗ੍ਰਾਮ ਹਰੀ ਦੇ ਵਿਚ ਵਿਆਹੇ ।
ਖੀਵੀ ਨਾਮ, ਪੁੱਤ੍ਰ ਦੋ ਜਾਏ ।
ਦਾਤੂ ਦਾਸੂ ਰੱਖਿਆ ਨਾਮ ।
ਵਿੱਚ ਖਡੂਰ ਕੀਤਾ ਬਿਸ੍ਰਾਮ ॥੧੨
ਜਨਮ ਲਿਆ ਫਿਰ ਕੰਨਿਆ ਦੋਇ ।
ਅਮਰੋ ਅਤੇ ਅਨੋਖੀ ਹੋਇ ।
ਬਾਰਾਂ ਬਰਸ ਮਾਂਹ ਛੇ ਭਾਈ ।
ਨੌ ਦਿਨ ਤਕ ਕਰਕੈ ਗੁਰਿਆਈ ॥੧੩

ਦੋਹਰਾ

ਚੇਤ ਚਾਨਣੀ ਚੌਥ ਅਰੁ, ਸੋਲਾਂ ਸੈ ਨੌਂ ਜਾਨ ।
ਦੇਹਰਾ ਬਨਜੋਂ ਖਡੂਰ ਮੈਂ, ਜੋਤੀ ਜੋਤਿ ਸਥਾਨ ॥੧੪

ਸ੍ਰੀ ਗੁਰੂ ਅਮਰਦਾਸ ਜੀ

ਚੌਪਈ

ਅੰਮ੍ਰਿਤਸਰ ਤੇ ਲਹਿੰਦੇ ਪਾਸੇ ।
ਬਾਸਰਕੇ ਇਕ ਗ੍ਰਾਮ ਪ੍ਰਕਾਸ਼ੇ ।
ਤਿਸ ਵਿਚ ਭੱਲਾ ਖੱਤ੍ਰੀ ਰਹਿੰਦਾ ।
ਤੇਜਭਾਨ ਜਗ ਤਿਸ ਨੂੰ ਕਹਿੰਦਾ ॥੧੫
ਬਖਤ ਕੌਰ ਦਾਤਾ ਤੇ ਭੀਜੇ ।
ਜਨਮੇ ਅਮਰ ਦਾਸ ਗੁਰੁ ਤੀਜੇ ।
ਸੰਮਤ ਪੰਦਰਾਂ ਸੈ ਛੱਬੀਸ* ।
ਮੇਖ† ਸੁਦੀ ਚੌਥ ਤਿਥ ਦੀਸ ॥੧੬

---

§ਸੰਮਤ ੧੫੬੧ ਬਿ: ਦਰੁਸਤ ਹੈ। ਸ੍ਰੀ ਗੁਰੂ ਅਮਰਦਾਸ ਜੀ ਤੋਂ ਉਮਰ ਵਿਚ ਇਕ ਸਾਲ ਛੋਟੇ ਸਨ। (ਦੇਖੋ ਇਸੇ ਪੁਸਤਕ ਦਾ ਪੰਨਾ ੪)

*ਜਨਮ ਸੰਮਤ ਹੋਰਨਾਂ ਗੁਰਪ੍ਰਣਾਲੀਆਂ ਵਿਚ 'ਛੱਤੀਸ' ਹੈ। ਪਰ ਅਸਲ ਵਿੱਚ ਸਤਿਗੁਰੂ ਜੀ ਸੰਮਤ ੧੫੬੬ ਵਿਚ ਸ੍ਰੀ ਗੁਰੂ ਅੰਗਦ ਜੀ ਤੋਂ ਇੱਕ ਵਰ੍ਹਾ ਪਹਿਲਾਂ ਅਵਤਰੇ ਸਨ। (ਦੇਖੋ ਇਸੇ ਪੁਸਤਕ ਦਾ ਪੰਨਾ ੪)

†ਵੈਸਾਖ ਮਹੀਨੇ ਦੀ।

Digitized by Panjab Digital Library | www.panjabdigilib.org

ਮਨਸਾ ਦੇਈ ਇਸਤ੍ਰੀ ਆਈ।
ਦੋ ਪੁੱਤ੍ਰ ਜਨਮੇ ਸੁਖਦਾਈ।
ਮੋਹਰੀ ਜੀ ਮੋਹਨ ਜੀ ਨਾਮ।
ਗੋਇੰਦਵਾਲ ਵਸਾਯਾ ਗਾਮ ॥੧੭
ਬੀਬੀ ਦਾਨੀ, ਬੀਬੀ ਭਾਨੀ।
ਦੋ ਕੰਨਿਆਂ ਗੁਰੂ ਕੀ ਜਗ ਜਾਨੀ।
ਮੋਹਰੀ ਦੇ ਸੁਤ ਜਨਮਿਆ ਨੰਦ।
ਤਿਸ ਘਰਿ ਜਨਮਿਆਂ ਸੁੰਦਰ ਚੰਦ ॥੧੮
ਪੰਜ ਮਹੀਨੇ ਬਾਈ ਸਾਲ,
ਯਾਰਾਂ ਦਿਨ ਉੱਤੇ ਸੁਖ ਨਾਲ,
ਕਰਕੇ ਗੁਰਿਆਈ, ਗੁਰ ਆਪ।
ਰਾਮਦਾਸ ਗੁਰੂ ਦਿੱਤਾ ਥਾਪ ॥੧੯
ਸੋਲਾਂ ਸਹਸ ਇਕੱਤੀ ਜਾਨੋਂ!
ਭਾਦੋਂ ਸੁਦੀ ਪੂੰਨਿਆਂ ਮਾਨੋਂ!
ਜੋਤੀ ਜੋਤਿ ਮਿਲੇ ਹਰਿ ਨਾਲਿ,
ਅਮਰਦਾਸ ਗੁਰੂ ਗੋਇੰਦਵਾਲਿ ।੨੦

ਸ੍ਰੀ ਗੁਰੂ ਰਾਮਦਾਸ ਜੀ

ਸੋਢੀ ਜਾਤਿ ਪਿਤਾ ਹਰਿਦਾਸ।
ਮਾਤਾ ਦਯਾ ਕੌਰ ਸੁਖ-ਰਾਸ।
ਪੰਦਰਾਂ ਸੈ ਇਕਾਨਵੇਂ ਸੰਮਤ;
ਕੱਤਿਕ ਵਦੀ ਦੂਜ ਦਿਨ ਬ੍ਰਹਸਪਤਿ ॥੨੧
ਹੈ ਲਾਹੌਰ ਵਿਚ ਜਨਮ-ਸਥਾਨ।
ਜੇਠੇ ਪੁੱਤ੍ਰ ਜੇਠਾ ਨਾਮ।
ਅਮਰਦਾਸ ਗੁਰੂ ਕੇ ਘਰ ਵਿਆਹੇ।
ਬੀਬੀ ਭਾਨੀ ਮਹਲ ਸਲਾਹੇ ॥੨੨
ਪ੍ਰਿਥੀਆ, ਮਹਾਂ ਦੇਵ, ਗੁਰੂ ਅਰਜਨ।
ਤਿੰਨ ਪੁੱਤ੍ਰ ਪ੍ਰਗਟੇ ਹਰਿ ਜਨ।
ਤੀਰਥ ਅੰਮ੍ਰਿਤਸਰ ਪ੍ਰਗਟਾਯਾ।
ਕੁਲ ਤਾਰੀ ਤਿਨ, ਜੋ ਵਿਚਿ ਨ੍ਹਾਯਾ ॥੨੩

Digitized by Panjab Digital Library | www.panjabdigilib.org

ਯਾਰਾਂ ਮਾਸ ਬਰਸ ਛੇ ਅਠ ਦਿਨ।
ਕੀਤੀ ਗੁਰਿਆਈ ਜਗ ਵਿਚ ਜਿਨ।
ਸੋਲਾਂ ਸੈ ਅਠੱਤੀਏ ਸਾਲ।
ਭਾਦੋਂ ਸੁਦੀ ਤੀਜ ਦਿਨ ਭਾਲ ॥੨੪
ਰਾਮਦਾਸ ਗੁਰੁ ਗੋਇੰਦਵਾਲਿ।
ਜੋਤੀ ਜੋਤਿ ਮਿਲੇ ਹਰਿ ਨਾਲਿ।

ਸ੍ਰੀ ਗੁਰੂ ਅਰਜੁਨ ਮੱਲ ਜੀ

ਸ੍ਰੀ ਗੁਰੂ ਰਾਮਦਾਸ ਜੀ ਤਾਤ*।
ਬੀਬੀ ਭਾਨੀ ਜਾ ਕੀ ਮਾਤ ॥੨੫
ਗੁਰ ਅਰਜੁਨ ਧਾਰਿਆ ਅਵਤਾਰ,
ਸੋਲਾਂ ਸੈ ਵੀਹ† ਵਿਖੇ ਵਿਚਾਰ!
ਤਿਥਿ ਸੱਤਮੀ ਵੱਦੀ ਵੈਸਾਖੁ।
ਗੰਗਾ ਨਾਮ ਮਹਲ ਦਾ ਆਖੁ ॥੨੬
ਤਰਨ ਤਾਰਨ ਤੀਰਥ ਪ੍ਰਗਟਾਯਾ।
ਫਿਰ ਕਰਤਾਰਪੁਰ ਸੁ ਵਸਾਯਾ।
ਸੋਲਾਂ ਸੈ ਇਕਸਠ‡ ਵਿਚ ਜਾਨ।
ਏਕਮ ਸੁਦੀ ਭਾਦਰੋਂ ਮਾਨ ॥੨੭
ਸ੍ਰੀ ਗੁਰੂ ਗ੍ਰੰਥ ਸਾਹਿਬ ਕੀ ਬੀੜ।
ਰਚੀ ਸੁ ਰਾਮ ਸਰੋਵਰ ਤੀਰ।
ਸੋਲਾਂ ਸਹਸ ਬਵੰਜਾ§ ਸਾਲ।
ਹਾੜ ਵਦੀ ਏਕਮ ਸੁਖ ਨਾਲ ॥੨੮

---

*ਪਿਤਾ।

†ਹੋਰਨਾਂ ਅਨੇਕਾਂ ਗੁਰਪ੍ਰਣਾਲੀਆਂ ਵਿਚ ਸੰਮਤ ੧੬੨੦ ਲਿਖਿਆ ਹੈ।

‡ਅਨੇਕਾਂ ਪੱਕੇ ਇਤਿਹਾਸਕ ਸਬੂਤਾਂ ਦੇ ਆਧਾਰ ਪੁਰ, ਬੀੜ ਸੰਮਤ ੧੬੫੮ ਬਿ: ਵਿਚ ਸੰਪੂਰਨ ਹੋਈ ਸਹੀ ਹੁੰਦੀ ਹੈ।

§ਇਹ ਸੰਮਤ ਭੀ ੧੬੪੭ ਹੋਣਾ ਚਾਹੀਏ।

Digitized by Panjab Digital Library | www.panjabdigilib.org

ਨਗਰ ਵਡਾਲੀ ਭਏ ਅਨੰਦ।
ਪ੍ਰਗਟੇ ਸ੍ਰੀ ਗੁਰੂ ਹਰਿ ਗੋਬਿੰਦ।
ਚਵ੍ਹੀ ਬਰਸ ਮਾਸ ਨੌ ਇੱਕ ਦਿਨ।
ਕਰਿ ਗੁਰਿਆਈ ਤਜਿਆ ਤਨ ਜਿਨ ॥੨੯
ਸੋਲਾਂ ਸੈ ਤਰੇਹਠ ਕਾ ਜੇਠ;
ਰਾਵੀ ਤੀਰ ਕਿਲੇ ਦੇ ਹੇਠ;
ਚੌਥ ਚਾਨਣੀ ਸ਼ਹਿਰ ਲਾਹੌਰ।
ਮੇਲਾ ਲਗੈ ਸਦਾ ਇਸ ਠੌਰ ॥੩੦

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ

ਛੇਵੇਂ ਗੁਰੂ ਸ੍ਰੀ ਹਰਿ ਗੋਬਿੰਦ।
ਮੀਰੀ ਪੀਰੀ ਦੇਗ ਤੇਗਿੰਦ*।
ਇਸਤ੍ਰੀ ਦਾਮੋਦਰੀ ਵਿਆਹੀ।
ਫੇਰ ਨਾਨਕੀ, ਫਿਰ ਮਰਵਾਹੀ ॥੩੧
ਸ੍ਰੀ ਗੁਰਦਿੱਤਾ, ਸੂਰਜ ਮੱਲ।
ਅਣੀਰਾਇ, ਬਾਬਾ ਆਟੱਲ।
ਪੰਜਵੇਂ ਤੇਗ ਬਹਾਦੁਰ ਜਾਨੁ।
ਪੰਜ ਪੁਤ੍ਰ ਸ਼ਕਤੀ ਕੀ ਖਾਨਿ ॥੩੨
ਧੀਰ ਮੱਲ, ਸ੍ਰੀ ਹਰਿ ਰਾਇ,
ਪੋਤੇ ਪ੍ਰਗਟੇ ਹਰਖ ਵਧਾਇ।
ਬੀਬੀ ਵੀਰੋ ਕੰਨਜਾ ਆਈ।
ਮਾਣਕ ਚੌਕ ਝਬਾਲ ਵਿਆਹੀ ॥੩੩
ਚਾਰ ਜੁੱਧ ਸਤਿਗੁਰ ਨੇ ਜੀਤੇ।
ਬਿਧੀ ਚੰਦ ਆਦਿਕ ਸਿਖ ਕੀਤੇ।
ਸਾਲ ਇਕੱਤੀ† ਦਸ ਜੁ ਮਹੀਨੇ।
ਛੇ ਦਿਨ ਗੁਰਆਈ ਦੇ ਕੀਨੇ ॥੩੪

---

*ਅਮੀਰੀ ਤੇ ਗੁਰਿਆਈ ਅਤੇ ਦੇਗ ਅਰੁ ਤੇਗ ਦੇ ਮਾਲਿਕ; ਪਾਤਿਸ਼ਾਹ, ਗੁਰੂ ਤੇ ਦੇਗ, ਤੇਗ ਦੇ ਧਨੀ। †(ਅਗਲੇ ਪੰਨੇ ਥੱਲੇ)

Digitized by Panjab Digital Library | www.panjabdigilib.org

੧੩੦.

ਸੋਲਾਂ ਸੈ ਪਚਾਨਵੇਂ† ਮਾਹਿ।
ਚੇਤ੍ਰ ਸੁਕਲ ਪੰਚਮੀ ਅਹਿ।
ਕੀਰਤ ਪੁਰ ਪਤਾਲ ਪੁਰਿ ਥਾਨ।
ਸਤੱਦ੍ਰਵ ਕੰਢੇ ਕੀਤਾ ਪਿਯਾਨ ॥੩੫
ਗੱਦੀ ਪੁਰ ਪੋਤਾ ਬੈਠਾਏ।
ਸ੍ਰੀ ਗੁਰੁ ਜੋਤੀ ਜੋਤਿ ਸਮਾਏ।

ਸ੍ਰੀ ਗੁਰੂ ਹਰਿ ਰਾਇ ਜੀ

ਪਿਤਾ ਬਡੇ ਬਾਬਾ ਗੁਰਦਿੱਤਾ।
ਦੀਨ ਦੁਨੀ ਕਾ ਟੀਕਾ ਲਿੱਤਾ ॥੩੬
ਮਾਤ ਨਿਹਾਲੋ‡ ਸੁਤ ਹਰਿਰਾਇ।
ਸੋਲਾਂ ਸਹਸ ਸਤਾਸੀ§ ਗਾਇ।
ਮਾਘ ਸ਼ੁਕਲ ਤ੍ਰਿਯੋਦਸ਼ੀ ਮਝਾਰ।
ਸਾਤ ਮਹਲ ਇਕ ਦਾਸੀ ਧਾਰ ॥੩੭
ਬਜਾਹੀ ਮਹਿਲਾ ਇਹ ਸਤ ਰਾਨੀ।
ਕਿਸ਼ਨ ਕੌਰ, ਚੰਦ ਕੌਰ ਬਖਾਨੀ।
ਤੋਖੀ ਅਤੇ ਅਨੋਖੀ ਨੀਕੀ,
ਪ੍ਰੇਮ ਕੌਰ ਅਰੁ ਨਾਮ ਲਡੀਕੀ। ੩੮

---

†ਜੋਤੀ ਜੋਤਿ ਸਮਾਣ ਦਾ ਸਹੀ ਸੰਮਤਿ ੧੭੦੧ ਬਿ: ਹੈ; ੧੬੯੫ ਵਿਚ ਬਾਬਾ ਗੁਰਦਿਤਾ ਜੀ ਸਮਾਏ ਸਨ। ੧੭੦੧ ਤੱਕ ਗੁਰਿਆਈ ਦਾ ਸਮਾ ੩੭ ਵਰ੍ਹੇ ਬਣਦਾ ਹੈ; ਇਕੱਤੀ ਨਹੀਂ।

‡ਸ੍ਰੀ ਗੁਰੂ ਜੀ ਦਾ ਜਨਮ ਭਾਈ ਗੁਰਦਿਤਾ 'ਗੌਰਾ' ਦੀ ਸਪੁਤ੍ਰੀ ਦਇਆ ਦੇਵੀ ਜੀ ਦੀ ਕੁਖੋਂ, ਪਿਤਾ ਦੇ ਚਲਾਣੇ ਤੋਂ ਬੱਾਦ, ਸੰਮਤ੧੬੯੬ ਵਿੱਚ ਹੋਇਆ।

§ਸੰਮਤ ੧੬੮੭ ਬਿ: ਵਿਚ ਤਾਂ ਬਾਬਾ ਗੁਰਦਿਤਾ ਜੀ ਨੇ ਦੂਜੀ ਸ਼ਾਦੀ ਭੀ ਨਹੀਂ ਸੀ ਕਰਾਈ। ਦੂਜੀ ਸ਼ਾਦੀ ਚਲ਼ਾਣੇ ਤੋਂ ਕੁਝ ਦਿਨ ਹੀ ਪਹਿਲਾਂ ੧੬੯੫ ਵਿਚ ਹੋਈ ਸੀ।

Digitized by Panjab Digital Library | www.panjabdigilib.org

ਰਾਮ ਕੌਰ ਇਹ ਸਾਤ ਸੁਹਾਈ।
ਕੋਟ ਕਲਯਾਨੀ ਦਾਸੀ ਗਾਈ।
ਰਾਮ ਰਾਇ ਜਨਮੇ ਤਿਸ ਧਾਮ।
ਕਰਾਮਾਤ ਸੇ ਬਢਯੋ ਨਾਮ ॥੩੯
ਕ੍ਰਿਸ਼ਨ ਕੌਰ ਰਾਣੀ ਕੇ ਤਾਤ*।
ਗੁਰੂ ਹਰਿ ਕ੍ਰਿਸ਼ਨ ਭਏ ਵਖਜਾਤ।
ਤੇਈ ਬਰਸ ਮਾਸ ਛੇ ਜਾਨੋ।
ਚੌਦਾਂ ਦਿਨ ਗੁਰਿਆਈ ਠਾਨੋ ॥੪੦
ਸੁਥਰੇ ਅਤੇ ਉਦਾਸੀ ਸਾਧੂ†।
ਕੀਨਾ ਇਨਕਾ ਭੇਖ ਅਗਾਧੂ।
ਸੰਮਤ ਸਤਾਰਾਂ ਸੈ ਅਠਾਰਾਂ।
ਕੱਤਿਕ ਵਦੀ ਨੌਮੀ ਤਿਥਿ ਧਾਰਾਂ ॥੪੧
ਕੀਰਤ ਪੁਰ ਮੈ ਗੁਰੂ ਹਰਿ ਰਾਇ।
ਜੋਤੀ ਜੋਤਿ ਸਮਾਣੇ ਆਇ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

ਪਿਤਾ ਗੁਰੂ ਕਰਤਾ ਹਰਿਰਾਇ।
... ...॥‡੪੨
ਸਤਰਾਂ ਸੌ ਅਰੁ ਤੇਰਾਂ ਸਾਲ।
ਸਾਵਣ ਨੌਮੀ ਕ੍ਰਿਸ਼ਨਾ ਭਾਲ।
ਗੁਰੁ ਹਰਿ ਕ੍ਰਿਸ਼ਨ ਲੀਆ ਅਵਤਾਰ।
ਸੱਤਿਨਾਮ ਦਾ ਕੀਆ ਪ੍ਰਚਾਰ ॥੪੩

---

*ਪੁੱਤ੍ਰ, ਬੇਟੇ !

†ਏਥੇ ਪਦ 'ਸਾਧੂ' ਛਾਪੇ ਵਾਲੀ ਸੈਂਚੀ ਵਿਚ ਨਹੀਂ, ਅਸਾਂ ਆਪ ਵਧਾਇਆ ਹੈ।

‡ਏਥੋਂ ਇਕ ਤੁਕ ਛੁਟੀ ਹੋਈ ਹੈ, ਜੋ ਇਸ ਭਾਵ ਦੀ ਅਨੁਮਾਨੀ ਜਾ ਸਕਦੀ ਹੈ।

"ਕ੍ਰਿਸ਼ਨ ਕੌਰ ਮਾਤਾ ਸੁਖਦਾਇ।"

Digitized by Panjab Digital Library | www.panjabdigilib.org

ਦੋਇ ਬਰਸ ਅਰੁ ਪੰਜ ਮਹੀਨੇ।
ਉੱਨੀ ਦਿਨ ਇਨ ਸੰਗ ਗਿਨ ਲੀਨੇ।
ਫਿਰ ਸਤਰਾਂ ਸੌ ਇੱਕੀਹ ਸਾਲ,
ਚੇਤਰ ਸੁਦੀ ਚੌਦਸ ਬੁਧ ਭਾਲ, ॥੪੪
ਜੋਤੀ ਜੋਤਿ ਮਿਲੇ ਹਰਿ ਨਾਲੇ।
ਕਹਿਕੇ "ਬਾਬਾ ਅਹੇ ਬਕਾਲੇ!"

ਸ੍ਰੀ ਗੁਰੂ ਤੇਗ ਬਹਾਦੁਰ ਜੀ

ਸ੍ਰੀ ਗੁਰੂ ਹਰਿ ਗੋਬਿੰਦ ਜੀ ਤਾਤ*।
ਮਾਤ ਨਾਨਕੀ ਜੱਗਿ ਬਖਜਾਤ ॥੪੫
ਵਦੀ ਪੰਚਮੀ ਮਾਸ ਵੈਸਾਖ।
ਸੋਲਾਂ ਸੈ ਅਠਹੱਤਰੇ ਭਾਖ।
ਪੁਤ੍ਰ ਭਏ ਗੁਰੁ ਤੇਗ ਬਹਾਦਰ।
ਸੱਤਿ ਉਪਦੇਸ਼ ਦੇਣ ਕੇ ਬਾਦਰ† ॥੪੬
ਦਾਨ ਧਰਮ ਤੀਰਥ ਪਰ ਕੀਨਾ।
ਦੇਸ ਬੰਗਾਲ ਬਿਜੈ ਕਰ ਦੀਨਾਂ‡
ਗੋਬਿੰਦ ਸਿੰਘ ਗੁਰੂ ਸੁਤ ਜਾਏ।
ਹਿੰਦੂ ਧਰਮ ਹਿਤ ਸੀਸ ਲਗਾਏ§॥੪੭

---

*ਪਿਤਾ। †ਬਾਦਲ, ਬੱਦਲ, ਘਟਾ, ਅਬਰ।

‡ਇਹ ਗੱਲ ਵਾਕਿਆਤ ਦੇ ਵਿਰੁੱਧ ਹੈ। ਬੰਗਾਲ ਦੇਸ ਅਕਬਰ ਬਾਦਸ਼ਾਹ ਦੇ ਸਮੇਂ ਤੋਂ ਹੀ ਮੁਗਲ-ਰਾਜ ਦੇ ਅਧੀਨ ਸੀ। ਔਰੰਗਜ਼ੇਬ ਵੇਲੇ ਸੰਮਤ ੧੭੨੪ ਬਿ: ਦੀ ਅੰਤਮ ਤ੍ਰਿਮਾਹੀ ਵਿਚ, ਗਉਹਾਟੀ (ਕਾਮ ਰੂਪ ਦੇਸ) ਦਾ ਥਾਣਾ ਆਸਾਮੀਆਂ (ਅਹੋਮੀਆਂ) ਮੱਲ ਕੇ ਓਥੋਂ ਦੇ ਹਾਕਮ ਸਯਦ ਫੀਰੋਜ਼ ਖਾਂ ਨੂੰ ਕਤਲ ਕਰ ਦਿਤਾ।(ਮਆਸਰਿ ਆੱਲਿਮਗੀਰੀ-ਫਾਰਸੀ-ਪੰਨਾ ੬੪) ਇਸੇ ਇਲਾਕੇ ਦੀ ਹੱਦ-ਬੰਦੀ ਬਾਰੇ ਨਵੇਂ ਸਿਰੇ ਸੰਧੀ, ਗੁਰੂ ਸਾਹਿਬ ਨੇ ਵਿੱਚ ਪੈਕੇ ਕਰਵਾਈ ਸੀ।

§"ਤਿਲਕ ਜੰਞੂ ਰਾਖਾ ਪ੍ਰਭ ਤਾਕਾ।........ ੧੩" (ਵਿਚਿਤ੍ਰ ਨਾਟਕ–ਅਪਨੀ ਕਥਾ–ਅਧਿਆ ੫) ਦੇ ਅਧਾਰ ਪੁਰ, ਕਵੀ ਜੀ ਨੇ ਇਹ ਨਤੀਜਾ ਕੱਢਿਆ ਹੈ। ਅੱਗੇ ਦਿਤੀਆਂ ਦੋ ਤੁਕਾਂ ਭੀ ਇਸੇ ਅਧਿਆ ਦੇ ੧੪ਵੇਂ ਛੰਦ ਦੀਆਂ ਹਵਾਲੇ ਵਜੋਂ ਪੇਸ਼ ਕੀਤੀਆਂ ਹਨ।

Digitized by Panjab Digital Library | www.panjabdigilib.org

ਧਰਮ ਹੇਤ ਸਾਕਾ ਜਿਨ ਕੀਆ।
ਸੀਸੁ ਦੀਯਾ ਪਰੁ ਸਿਰਰੁ ਨ ਦੀਆ।
ਸੱਤ ਮਹੀਨੇ ਅਰੁ ਦਸ ਸਾਲ।
ਇੱਕੀ ਦਿਨ ਤਕ ਤਖਤ ਸੰਭਾਲਿ ॥੪੮
ਸਾਲ ਸਤਾਰਾਂ ਸੌ ਅਰੁ ਬੱਤੀ।
ਮੱਘਰ ਸੁਦੀ ਪੰਚਮੀ ਥਿੱਤੀ।
ਦਿਹਲੀ ਵਿੱਚ ਕਚਹਿਰੀ ਥਾਨੇ।
ਸ੍ਰੀ ਗੁਰੁ ਜੋਤੀ ਜੋਤਿ ਸਮਾਨੇ ॥੪੯

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸੰਮਤ ਸਤਾਰਾ ਸੌ ਅਰੁ ਤੇਈ*।
ਪੋਹ ਸੁਦੀ ਸੱਤਮੀ ਥਿਤਿ ਗੇਈ।
ਨਿਖਤ ਧਨਿਸ਼ਟਾ ਆਇਤਵਾਰ।
ਤੇਗ ਬਹਾਦੁਰ ਗੁਰੂ-ਅਗਾਰ† ॥੫੦

---

*ਸੰਮਤ ੧੭੨੩ ਬਿ: ਵਿਚ ਨਾਂ ਤੇ ਗੁਰੂ ਸਾਹਿਬ ਪੂਰਬ ਗਏ ਸਨ ਤੇ ਨਾਂ ਗਉਹਾਟੀ ਵਾਲਾ ਮਾਮਲਾ ਵਾਪਰਿਆ ਸੀ। ਸੰਮਤ ੧੭੨੪ ਦੀ ਅੰਤਲੀ ਤਿਮਾਹੀ ਵਿਚ ਗਉਹਾਟੀ ਦਾ ਫਉਜਦਾਰ ਕਤਲ ਹੋਇਆ ਤੇ ਇਸ ਤੋਂ ਬੱਦ ੨੭ ਪੋਹ ੧੭੨੪ ਨੂੰ ਰਾਜਾ ਰਾਮ ਸਿੰਘ ਅੰਬੇਰਪਤਿ ਉਸ ਮੁਹਿੰਮ ਪੁਰ ਨੀਤਿਆ ਗਿਆ। (ਦੇਖੋ ਮਆਸਰਿ ਆੱਲਮਗੀਰੀ- ਫਾਰਸੀ-ਪੰਨਾ ੬੫)

ਇਹੋ ਰਾਜਾ ਰਾਮ ਸਿੰਘ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਮੁੰਗੇਰ ਤੋਂ ਅਗਾਹਾਂ ਧੁਬੜੀ ਤੇ ਗਉਹਾਟੀ ਵੱਲ ਲੈ ਗਿਆ। (ਦੇਖੋ (ਹੁਕਮਨਾਮਾ ਪਾ: ੯ ਨੰ: ੨, ੩, ਅਤੇ 'ਮਾਖਜ਼ਿ ਤ੍ਵਾਰੀਖਿ ਸਿੱਖਾਂ'— ਫਾਰਸੀ ਜਿਲਦ ੧, ਪੰਨਾ ੮੩)

ਓਥੇ ਪਹੁੰਚਣ ਤੋਂ ਬੱਦ ਹੀ ਦਸਮੇਸ਼ ਜੀ ਦਾ ਜਨਮ, ਸੰਮਤ ੧੭੨੫ ਬਿ: (ਗਤਿ) ਯਾ ੧੭੨੬ ਬਿ: (ਵਰਤਮਾਨ) ਦੇ ਪੋਹ ਮਹੀਨੇ (ਮਾਘੀ ਦੀ ਰਾਤਿ) ਹੋਇਆ। (ਮਾਖਜ਼ਿ ਤ੍ਵਾਰੀਖ਼ ਸਿੱਖਾਂ, ਪੰਨਾ ੬; ਤੇ ਹੁਕਮਨਾਮਾ ਪਾ: ੯, ਨੰ: ੬)

†ਘਰਿ, ਘਰ ਵਿਚ।

Digitized by Panjab Digital Library | www.panjabdigilib.org

ਪਟਨਾ ਨਗਰ ਗੂਜਰੀ ਮਾਤ।
ਗੁਰੂ ਗੋਬਿੰਦ ਸਿੰਘ ਪ੍ਰਗਟੇ ਤਾਤ‡।
ਪਹਿਲੇ ਮਹਿਲ ਸੁੰਦਰੀ ਬਿਆਹੀ।
ਦੂਜੀ ਜੀਤ ਕੌਰ ਮਨ ਭਾਈ।।੫੧
ਤੀਜੀ ਸਾਹਿਬ ਦੇਈ ਆਈ।
ਬਣੀ ਖ਼ਾਲਸੇ ਕੀ ਜੋ ਮਾਈ।
ਪੁੱਤ੍ਰ ਅਜੀਤ ਸਿੰਘ ਜੀ ਆਏ।
ਪੁਨਾ ਜੁਝਾਰ ਸਿੰਘ ਪ੍ਰਗਟਾਏ ।।੫੨
ਜੋਰਾਵਰ ਸਿੰਘ ਤੀਜੇ ਤਾਤ‡।
ਫ਼ਤਹ ਸਿੰਘ ਮਨ ਭਾਏ ਮਾਤ।
ਪੰਜਵਾਂ ਪੁੱਤ੍ਰ ਖਾਲਸਾ ਪੰਥ।
ਗੁਰੂ ਥਾਪਿਆ ਸ੍ਰੀ ਗੁਰੂ ਗ੍ਰੰਥ ।।੫੩
ਬੜੇ ਬੜੇ ਕੀਏ ਉਪਕਾਰ।
ਮਾਰਿ ਖਪਾਏ ਦੁਸਟ ਅਪਾਰ।
ਧਰਮ ਹੇਤ ਲਾਯਾ ਸਰਬੰਸ।
ਬਿਪਤਾ ਬਹੁਤ ਸਹੀ ਨਿਹਸੰਸ ।।੫੪
ਕਲਜੁਗ ਮੈ ਸਤਿਜੁਗ ਵਰਤਾਇ।
ਸਭ ਕੋ ਸਤ ਕੇ ਮਾਰਗ ਲਾਇ।
ਪ੍ਰਭ ਆਗਿਆ ਕੋ ਮੁੱਖ ਰਖਾਇ।
ਦੁਸਟ ਸਭਨ ਕੋ ਮੂਲ ਉਠਾਇ ।।੫੫
ਸਤਾਰਾਂ ਸੈ ਪੈਂਸਠ ਕੇ ਸਾਲ।
ਕੱਤਿਕ ਸੁਦੀ ਪੰਚਮੀ ਭਾਲ।
ਨਗਰ ਨਦੇੜ ਔ ਦੱਖਣ ਦੇਸ।
ਯਥਾ ਯੋਗ ਦੇਕਰ ਉਪਦੇਸ਼ ।।੫੬
ਸਚ ਖੰਡ ਮੈ ਕੀਆ ਚਲਾਣਾ।
ਮਾਨਿ ਅਕਾਲ ਪੁਰਖ ਕਾ ਭਾਣਾ।

---

‡ਪੁੱਤ੍ਰ।

B-1517

Digitized by Panjab Digital Library | www.panjabdigilib.org